ਸ਼ੁੱਕਰਵਾਰ, 10 ਮਈ, 2024
28 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 340

ਨਵਾਂ ਜ਼ਮਾਨਾ

DAILY NAWAN ZAMANA • FRIDAY, 10 MAY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਚੋਣ ਪ੍ਰਚਾਰ ਕਰਨਾ ਮੌਲਿਕ ਹੱਕ ਨਹੀਂ : ਈ ਡੀ

ਨਵੀਂ ਦਿੱਲੀ : ਈ ਡੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਮ ਜ਼ਮਾਨਤ ਦੇਣ ਦਾ ਵਿਰੋਧ ਕਰਦੇ ਹੋਏ ਵੀਰਵਾਰ ਸੁਪਰੀਮ ਕੋਰਟ 'ਚ ਹਲਫਨਾਮਾ ਦਾਇਰ ਕਰਕੇ ਕਿਹਾ ਕਿ ਚੋਣ ਪ੍ਰਚਾਰ ਕਰਨਾ ਮੌਲਿਕ ਅਧਿਕਾਰ ਨਹੀਂ ਹੈ। ਚੋਣ ਪ੍ਰਚਾਰ ਕਰਨਾ ਸੰਵਿਧਾਨਕ ਅਧਿਕਾਰ ਵੀ ਨਹੀਂ ਹੈ ਅਤੇ ਨਾ ਹੀ ਕਾਨੂੰਨੀ ਅਧਿਕਾਰ। ਜੇ ਕੇਜਰੀਵਾਲ ਨੂੰ ਜ਼ਮਾਨਤ ਮਿਲ ਜਾਂਦੀ ਹੈ ਤਾਂ ਇਹ ਗਲਤ ਰਵਾਇਤ ਸ਼ੁਰੂ ਹੋ ਜਾਵੇਗੀ।

ਸੁਪਰੀਮ ਕੋਰਟ ਨੇ ਦਿੱਲੀ ਸ਼ਰਾਬ ਘੁਟਾਲੇ 'ਚ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਸੀ ਕਿ ਉਹ ਸ਼ੁੱਕਰਵਾਰ ਨੂੰ ਅੰਤਰਮ ਜ਼ਮਾਨਤ 'ਤੇ ਫੈਸਲਾ ਸੁਣਾਏਗੀ।

ਪਿਛਲੀ ਸੁਣਵਾਈ 'ਚ ਬੈਂਚ ਨੇ ਪੁੱਛਿਆ ਸੀ ਕਿ ਸ਼ੁਰੂਆਤੀ ਜਾਂਚ ਅਤੇ ਪੁੱਛਗਿੱਛ ਦੌਰਾਨ ਦਰਜ ਕੀਤੇ ਗਏ ਮੁਲਜ਼ਮਾਂ ਦੇ ਬਿਆਨਾਂ 'ਚ ਈ ਡੀ ਨੇ ਕੇਜਰੀਵਾਲ ਨਾਲ ਜੁੜੇ ਸਵਾਲ ਕਿਉਂ ਨਹੀਂ ਪੁੱਛੇ ? ਜਾਂਚ ਨੂੰ ਦੋ ਸਾਲ ਹੋ ਚੱਲੇ ਹਨ, ਏਨਾ ਸਮਾਂ ਕਿਵੇਂ ਲੱਗਾ ? ਇਸ ਤੋਂ ਇਲਾਵਾ ਅਦਾਲਤ ਨੇ ਈ ਡੀ ਨੂੰ ਕੇਸ ਦੀ ਕੇਸ ਡਾਇਰੀ ਅਤੇ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ। ਕੇਜਰੀਵਾਲ ਨੂੰ ਈ ਡੀ ਨੇ 21 ਮਾਰਚ ਨੂੰ ਇਹ ਕਹਿ ਕੇ ਗ੍ਰਿਫਤਾਰ ਕੀਤਾ ਸੀ ਕਿ ਉਹ 9 ਵਾਰ ਸੰਮਨ ਭੇਜੇ ਜਾਣ ਤੋਂ ਬਾਅਦ ਵੀ ਪੁੱਛਗਿੱਛ 'ਚ ਸ਼ਾਮਲ ਨਹੀਂ ਹੋਏ।

ਮੋਦੀ ਤੇ ਰਾਹੁਲ ਨੂੰ ਜਨਤਕ ਬਹਿਸ ਦਾ ਸੱਦਾ

ਨਵੀਂ ਦਿੱਲੀ : ਸਾਬਕਾ ਜੱਜਾਂ ਮਦਨ ਬੀ ਲੋਕੁਰ ਤੇ ਏ ਪੀ ਸ਼ਾਹ ਅਤੇ ਪੱਤਰਕਾਰ ਐੱਨ ਰਾਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਲੋਕ ਸਭਾ ਚੋਣਾਂ ਦੇ ਸੰਬੰਧ 'ਚ ਜਨਤਕ ਬਹਿਸ ਦਾ ਸੱਦਾ ਦਿੱਤਾ ਹੈ। ਉਨ੍ਹਾਂ ਇਨ੍ਹਾਂ ਆਗੂਆਂ ਨੂੰ ਭੇਜੇ ਸੱਦਾ ਪੱਤਰ ਵਿਚ ਕਿਹਾ ਹੈ ਕਿ ਲੋਕ ਇਸ ਗੱਲੋਂ ਚਿੰਤਤ ਹਨ ਕਿ ਉਹ ਉਨ੍ਹਾਂ ਵੱਲੋਂ ਇਕ-ਦੂਜੇ ਵਿਰੁੱਧ ਲਾਏ ਜਾਂਦੇ ਦੋਸ਼ ਤੇ ਚੈਲੰਜ ਹੀ ਸੁਣਦੇ ਹਨ, ਪਰ ਉਨ੍ਹਾਂ ਦੇ ਅਰਥਪੂਰਨ ਹੁੰਗਾਰੇ ਨਹੀਂ ਸੁਣਦੇ।

ਪੱਤਰ ਵਿਚ ਕਿਹਾ ਗਿਆ ਹੈ—18ਵੀਂ ਲੋਕ ਸਭਾ ਲਈ ਆਮ ਚੋਣਾਂ ਅੱਧ ਤੱਕ ਪੁੱਜ ਚੁੱਕੀਆਂ ਹਨ। ਰੈਲੀਆਂ ਦੌਰਾਨ ਪ੍ਰਧਾਨ ਮੰਤਰੀ ਨੇ ਕਾਂਗਰਸ ਨੂੰ ਰਿਜ਼ਰਵੇਸ਼ਨ, ਧਾਰਾ 370 ਤੇ ਦੌਲਤ ਦੀ ਵੰਡ ਦੇ ਮੁੱਦਿਆਂ 'ਤੇ ਚੈਲੰਜ ਕੀਤਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨੂੰ ਸੰਵਿਧਾਨ ਖਤਮ ਕਰਨ, ਇਲੈਕਟੋਰਲ ਬਾਂਡ ਸਕੀਮ ਅਤੇ ਸਰਕਾਰ ਦੇ ਚੀਨ ਪ੍ਰਤੀ ਰਵੱਈਏ 'ਤੇ ਕਿੰਤੂ ਕੀਤੇ ਹਨ ਤੇ ਜਨਤਕ ਬਹਿਸ ਕਰ ਲੈਣ ਲਈ ਵੰਗਾਰਿਆ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਡੇ ਸਿਆਸੀ ਆਗੂ ਗੈਰ-ਪੱਖਪਾਤੀ ਤੇ ਗੈਰ-ਵਪਾਰਕ ਮੰਚ 'ਤੇ ਬਹਿਸ ਕਰਨ ਤਾਂ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ। ਇਸ ਨਾਲ ਜਮਹੂਰੀ ਪ੍ਰਕਿਰਿਆ ਵੀ ਕਾਫੀ

● ਬਾਕੀ ਸਫ਼ਾ 2 'ਤੇ

ਅਮਰੀਕਾ ਭਾਰਤੀ ਚੋਣਾਂ 'ਚ ਦਖਲ ਦੇ ਰਿਹੈ : ਰੂਸ

ਮਾਸਕੋ : ਰੂਸ ਨੇ ਅਮਰੀਕਾ 'ਤੇ ਭਾਰਤ ਦੇ ਘਰੇਲੂ ਮਾਮਲਿਆਂ ਅਤੇ ਚੱਲ ਰਹੀਆਂ ਚੋਣਾਂ 'ਚ ਦਖਲ ਦੇਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਅਮਰੀਕਾ ਨੇ ਆਪਣੇ ਦੇਸ਼ 'ਚ ਖਾਲਿਸਤਾਨੀ ਅੱਤਵਾਦੀ ਨੂੰ ਮਾਰਨ ਦੀ ਸਾਜ਼ਿਸ਼ 'ਚ ਭਾਰਤੀ ਨਾਗਰਿਕਾਂ ਦੇ ਸ਼ਾਮਲ ਹੋਣ ਦਾ ਹਾਲੇ ਤੱਕ ਕੋਈ ਠੋਸ ਸਬੂਤ ਨਹੀਂ ਦਿੱਤਾ ਹੈ। ਅਮਰੀਕੀ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ 'ਚ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ 'ਚ ਇੱਕ ਭਾਰਤੀ ਸਰਕਾਰੀ ਕਰਮਚਾਰੀ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਸੀ।

'ਵਾਸ਼ਿੰਗਟਨ ਪੋਸਟ' ਨੇ ਆਪਣੀ ਰਿਪੋਰਟ 'ਚ ਦਾਅਵਾ ਕੀਤਾ ਹੈ ਕਿ ਭਾਰਤ ਹੁਣ ਰੂਸ ਅਤੇ ਸਾਊਦੀ ਅਰਬ ਵਰਗੀਆਂ ਨੀਤੀਆਂ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜ਼ਖਾਰੋਵਾ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ-ਸਾਡੇ ਕੋਲ ਜੋ ਜਾਣਕਾਰੀ ਹੈ, ਅਮਰੀਕਾ ਨੇ ਪਨੂੰ ਦੀ ਹੱਤਿਆ ਦੀ ਸਾਜ਼ਿਸ਼ 'ਚ ਭਾਰਤੀ ਨਾਗਰਿਕਾਂ ਦੇ ਸ਼ਾਮਲ ਹੋਣ ਦਾ ਕੋਈ ਭਰੋਸੇਯੋਗ ਸਬੂਤ ਨਹੀਂ ਦਿੱਤਾ

● ਬਾਕੀ ਸਫ਼ਾ 2 'ਤੇ

ਬਾਬਾ ਬੀਰ ਸਿੰਘ ਨੌਰੰਗਾਬਾਦੀ ਨੇ ਯੁੱਧ 'ਚ ਸ਼ਾਂਤ ਰਹਿ ਕੇ ਸ਼ਹਾਦਤ ਦਿੱਤੀ : ਮਾੜੀਮੇਘਾ, ਰਜਿੰਦਰਪਾਲ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)—ਸੀ ਪੀ ਆਈ ਤੇ ਸੀ ਪੀ ਐੱਮ ਵੱਲੋਂ ਸਾਂਝੇ ਤੌਰ 'ਤੇ ਖਡੂਰ ਸਾਹਿਬ ਹਲਕੇ ਤੋਂ ਉਮੀਦਵਾਰ ਗੁਰਦਿਆਲ ਸਿੰਘ ਦੇ ਹੱਕ ਵਿੱਚ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੇ ਪਹਿਲੇ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਮੇਲੇ 'ਤੇ ਪਿੰਡ ਠੱਟਾ ਵਿਖੇ ਵਿਸ਼ਾਲ ਕਾਨਫਰੰਸ ਅਤੇ ਨਾਟਕ ਮੇਲਾ ਰਜਿੰਦਰ ਸਿੰਘ ਰਾਣਾ ਐਡਵੋਕੇਟ ਦੀ ਅਗਵਾਈ ਹੇਠ ਅਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਨਰਿੰਦਰ ਸਿੰਘ ਸੋਨੀਆ ਤੇ ਸੁਰਜੀਤ ਸਿੰਘ ਠੱਠਾ ਨੇ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਪ੍ਰਧਾਨ ਰਜਿੰਦਰਪਾਲ ਕੌਰ ਨੇ ਕਿਹਾ ਕਿ ਬਾਬਾ ਬੀਰ ਸਿੰਘ ਦਾ ਜਨਮ ਸਥਾਨ ਤਰਨ ਤਾਰਨ ਜ਼ਿਲ੍ਹੇ ਵਿੱਚ ਇਤਿਹਾਸਕ ਸਥਾਨ ਝਬਾਲ ਦੇ ਨੇੜੇ ਪਿੰਡ ਗੱਗੋਬੂਹਾ ਹੈ। ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਬਹਾਦਰ ਕਪਤਾਨ ਸਨ। ਮਹਾਰਾਜਾ ਦੀ ਫੌਜ ਦਾ ਇੱਕ ਡੋਗਰਾ ਕਪਤਾਨ ਅੰਗਰੇਜ਼ਾਂ ਨਾਲ ਰਲ ਗਿਆ ਤੇ ਉਹ ਮਹਾਰਾਜੇ ਦੇ ਰਾਜ ਨੂੰ ਡੋਬਣ ਤੱਕ ਪਹੁੰਚ ਗਿਆ, ਪਰ ਬਾਬਾ ਬੀਰ ਸਿੰਘ ਨੇ ਡੋਗਰੇ ਦੀ ਉਸ ਦੀ ਘਿਨਾਉਣੀ ਹਰਕਤ ਦੀ ਕਰੜੀ ਵਿਰੋਧਤਾ ਕਰਦੇ ਹੋਏ ਸ਼ਾਂਤ ਰਹਿ ਕੇ ਸ਼ਹਾਦਤ ਦਾ ਜਾਮ ਪੀਤਾ ਸੀ। ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਸਾਥੀ ਤੇ ਸਾਰਾ ਅਵਾਮ ਉਸ ਮਹਾਨ ਦੇਸ਼ ਭਗਤ ਬਾਬਾ ਬੀਰ ਸਿੰਘ ਨੌਰੰਗਾਬਾਦੀ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੈ। ਆਗੂਆਂ ਕਿਹਾ ਕਿ ਗਦਾਰ

● ਬਾਕੀ ਸਫ਼ਾ 2 'ਤੇ

ਬੁਟਰੇਲਾ ਆਪ 'ਚ ਸ਼ਾਮਲ

ਚੰਡੀਗੜ੍ਹ (ਗੁਰਜੀਤ ਬਿੱਲਾ) : ਚੰਡੀਗੜ੍ਹ ਤੋਂ ਕੌਂਸਲਰ ਹਰਦੀਪ ਸਿੰਘ ਬੁਟਰੇਲਾ ਨੇ ਆਪਣੇ ਸਾਥੀਆਂ ਸਣੇ ਵੀਰਵਾਰ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਰਿਹਾਇਸ਼ 'ਤੇ ਬੁਟਰੇਲਾ ਨੂੰ ਸਿਰੋਪਾਓ ਪਾ ਕੇ ਸਵਾਗਤ ਕੀਤਾ। ਬੁਟਰੇਲਾ ਚੰਡੀਗੜ੍ਹ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਉਮੀਦਵਾਰ ਸਨ, ਪਰ ਉਨ੍ਹਾ ਨੇ ਦਲ ਤੋਂ ਅਸਤੀਫਾ ਦੇ ਦਿੱਤਾ ਸੀ।

ਫੌਜੀ ਦੀ ਕਰੰਟ ਨਾਲ ਮੌਤ

ਜੈਸਲਮੇਰ : ਰਾਜਸਥਾਨ ਦੇ ਜੈਸਲਮੇਰ ਜ਼ਿਲ੍ਹੇ ਵਿਚ ਜੋਧਪੁਰ ਰੋਡ 'ਤੇ ਸਥਿਤ ਫੌਜੀ ਛਾਉਣੀ ਵਿਚ ਤਰਨ ਤਾਰਨ ਜ਼ਿਲ੍ਹੇ ਦੇ ਲਾਂਸ ਹੌਲਦਾਰ ਜਗਰੂਪ ਸਿੰਘ (28) ਦੀ ਪਾਣੀ ਦੀ ਮੋਟਰ ਤੋਂ ਕਰੰਟ ਲੱਗਣ ਕਾਰਨ ਮੌਤ ਹੋ ਗਈ। ਹਾਦਸੇ ਤੋਂ ਬਾਅਦ ਹੋਰ ਜਵਾਨ ਜਗਰੂਪ ਸਿੰਘ ਨੂੰ ਆਰਮੀ ਹਸਪਤਾਲ ਲੈ ਗਏ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਜ਼ਹਿਰੀਲੀ ਗੈਸ ਨਾਲ 4 ਮੌਤਾਂ

ਚੰਦੌਲੀ (ਯੂਪੀ) : ਚੰਦੌਲੀ ਜ਼ਿਲ੍ਹੇ ਦੇ ਮੁਗਲਸਰਾਏ ਇਲਾਕੇ ਦੇ ਕਾਲੀਮਹਾਲ 'ਚ ਸੈਪਟਿਕ ਟੈਂਕ ਦੀ ਸਫਾਈ ਕਰਦੇ ਸਮੇਂ ਜ਼ਹਿਰੀਲੀ ਗੈਸ ਚੜ੍ਹਨ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਬੁੱਧਵਾਰ ਰਾਤ ਭਰਤਲਾਲ ਜੈਸਵਾਲ ਆਪਣੇ ਘਰ ਦੇ ਸੈਪਟਿਕ ਟੈਂਕ ਦੀ ਸਫਾਈ ਕਰਵਾ ਰਿਹਾ ਸੀ। ਇਸ ਦੌਰਾਨ ਉਸ ਦਾ ਮੁੰਡਾ ਅੰਕੁਰ ਅਤੇ ਤਿੰਨ ਸਵੀਪਰ ਟੈਂਕ 'ਚੋਂ ਨਿਕਲ ਰਹੀ ਜ਼ਹਿਰੀਲੀ ਗੈਸ ਦੇ ਸੰਪਰਕ 'ਚ ਆਉਣ ਨਾਲ ਬੇਹੋਸ਼ ਹੋ ਗਏ। ਹਸਪਤਾਲ 'ਚ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਦਹਿਸ਼ਤਗਰਦਾਂ ਨੇ 7 ਲੋਕ ਮਾਰੇ

ਕਰਾਚੀ : ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਖੇਤਰ ਵਿਚ ਸਥਿਤ ਬੰਦਰਗਾਹ ਸ਼ਹਿਰ ਗਵਾਦਰ 'ਚ ਦਹਿਸ਼ਤਗਰਦਾਂ ਦੇ ਹਮਲੇ ਵਿਚ 7 ਵਿਅਕਤੀ ਮਾਰੇ ਗਏ। ਸੁਰਬੰਦਰ ਇਲਾਕੇ 'ਚ ਗਵਾਦਰ ਫਿਸ਼ ਹਾਰਬਰ ਨੇੜੇ ਇਮਾਰਤ 'ਤੇ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀਬਾਰੀ ਕੀਤੀ, ਜਿਸ 'ਚ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਜ਼ਖਮੀ ਹੋ ਗਿਆ। ਇਹ ਵਾਲ ਕੱਟਣ ਦੀ ਦੁਕਾਨ 'ਤੇ ਕੰਮ ਕਰਦੇ ਸਨ।

ਬਜਰੰਗ ਦੀ ਮੁਸੀਬਤ ਵਧੀ

ਨਵੀਂ ਦਿੱਲੀ : ਕੁਸ਼ਤੀ ਦੀ ਕੌਮਾਂਤਰੀ ਗਵਰਨਿੰਗ ਬਾਡੀ ਯੂ ਡਬਲਿਊ ਡਬਲਿਊ ਨੇ ਡੋਪ ਟੈਸਟ ਕਰਵਾਉਣ ਤੋਂ ਕਥਿਤ ਤੌਰ 'ਤੇ ਇਨਕਾਰ ਕਰਨ 'ਤੇ ਬਜਰੰਗ ਪੂਨੀਆ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦੇ ਕੌਮੀ ਡੋਪਿੰਗ ਵਿਰੋਧੀ ਏਜੰਸੀ (ਨਾਡਾ) ਦੇ ਫੈਸਲੇ ਤੋਂ ਬਾਅਦ ਉਸ ਨੂੰ ਸਾਲ ਦੇ ਅੰਤ ਤੱਕ ਮੁਅੱਤਲ ਕਰ ਦਿੱਤਾ ਹੈ। ਟੋਕੀਓ ਉਲੰਪਿਕ ਦੇ ਕਾਂਸੀ ਤਮਗਾ ਜੇਤੂ ਬਜਰੰਗ ਨੇ ਕਿਹਾ ਸੀ ਕਿ ਉਸ ਨੇ ਕਦੇ ਵੀ ਟੈੱਸਟ ਲਈ ਸੈਂਪਲ ਦੇਣ ਤੋਂ ਇਨਕਾਰ ਨਹੀਂ ਕੀਤਾ।

ਆਸਟਰੇਲੀਆ 'ਚ ਦੋ ਹਰਿਆਣਵੀ ਭਰਾ ਕਤਲ ਦੇ ਦੋਸ਼ 'ਚ ਫੜੇ

ਮੈਲਬੋਰਨ : ਆਸਟਰੇਲੀਆਈ ਪੁਲਸ ਨੇ ਭਾਰਤ ਦੇ 22 ਸਾਲਾ ਐੱਮ ਟੈੱਕ ਵਿਦਿਆਰਥੀ ਦੀ ਹੱਤਿਆ ਦੇ ਮਾਮਲੇ ਵਿਚ ਲੋੜੀਂਦੇ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੋਵਾਂ 'ਤੇ ਹਰਿਆਣਾ ਦੇ ਕਰਨਾਲ ਵਾਸੀ ਨੌਜਵਾਨ ਨਵਜੀਤ ਸੰਧੂ ਦੀ ਚਾਕੂ ਮਾਰ ਕੇ ਹੱਤਿਆ ਕਰਨ ਦਾ ਦੋਸ਼ ਹੈ। ਮੁਲਜ਼ਮਾਂ ਅਭਿਜੀਤ ਏ (26) ਅਤੇ ਰੌਬਿਨ ਗਾਰਟਨ (27) ਨੂੰ ਮੰਗਲਵਾਰ ਨਿਊ ਸਾਊਥ ਵੇਲਜ਼ ਦੇ ਮੈਲਬੋਰਨ ਸ਼ਹਿਰ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਪੁਲਸ ਉਨ੍ਹਾਂ ਨੂੰ ਵਿਕਟੋਰੀਆ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ। ਇਹ ਦੋਵੇਂ ਹਰਿਆਣਾ ਨਾਲ ਸੰਬੰਧਤ ਹਨ। ਨੋਬਲ ਪਾਰਕ ਵਾਸੀ ਨਵਜੀਤ ਸੰਧੂ ਦੀ ਸ਼ਨਿਚਰਵਾਰ ਦੇਰ ਰਾਤ ਮੈਲਬੋਰਨ ਦੇ ਦੱਖਣ-ਪੂਰਬ ਦੇ ਓਰਮੰਡ 'ਚ ਘਰ 'ਚ ਹੱਤਿਆ ਕਰਨ ਤੋਂ ਬਾਅਦ ਦੋਵੇਂ ਭਰਾ ਫਰਾਰ ਸਨ। ਇਸ ਦੌਰਾਨ 30 ਸਾਲਾ ਵਿਅਕਤੀ ਵੀ ਜ਼ਖਮੀ ਹੋ ਗਿਆ ਸੀ।

ਭਾਰਤੀ ਵਿਦਿਆਰਥੀ ਲਾਪਤਾ

ਵਾਸ਼ਿੰਗਟਨ : ਅਮਰੀਕਾ ਦੇ ਸ਼ਿਕਾਗੋ 'ਚ 2 ਮਈ ਤੋਂ ਭਾਰਤੀ ਵਿਦਿਆਰਥੀ ਲਾਪਤਾ ਹੈ। ਸ਼ਿਕਾਗੋ ਸਥਿਤ ਕੌਂਸਲੇਟ ਜਨਰਲ ਨੇ ਇਹ ਜਾਣਕਾਰੀ ਦਿੱਤੀ। ਇਸ ਮਾਮਲੇ ਨੇ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧਾ ਦਿੱਤੀਆਂ ਹਨ। ਇਸ ਤੋਂ ਪਹਿਲਾਂ ਵੀ ਭਾਰਤੀ ਨਾਗਰਿਕਾਂ 'ਤੇ ਹਮਲਿਆਂ ਦੀਆਂ ਕਈ ਦਿਲ ਦਹਿਲਾਅ ਦੇਣ ਵਾਲੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਸ਼ਿਕਾਗੋ ਪੁਲਸ ਨੇ ਕਿਹਾ ਕਿ ਰੁਪੇਸ਼ ਚੰਦਰ ਚਿੰਤਾਕਿੰਡੀ (26) ਐੱਨ ਸੈਰੀਡਨ ਰੋਡ ਦੇ 4300 ਬਲਾਕ ਤੋਂ ਲਾਪਤਾ ਹੋ ਗਿਆ ਸੀ।

6 ਪਿਸਤੌਲਾਂ ਸਮੇਤ 2 ਗ੍ਰਿਫਤਾਰ

ਜਲੰਧਰ (ਸ਼ੈਲੀ ਐਲਬਰਟ)-ਕਾਊਂਟਰ ਇੰਟੈਲੀਜੈਂਸ ਜਲੰਧਰ ਵੱਲੋਂ ਅੰਤਰਰਾਜੀ ਹਥਿਆਰ ਤਸਕਰੀ ਰੈਕੇਟ ਦਾ ਪਰਦਾ ਫਾਸ਼ ਕਰ ਕੇ ਦੋ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਕਬਜ਼ੇ 'ਚੋਂ 6 ਪਿਸਤੌਲ, ਜਿਨ੍ਹਾਂ ਵਿੱਚ ਪੰਜ .32 ਬੋਰ ਦੇ ਪਿਸਤੌਲ ਅਤੇ ਇੱਕ .30 ਬੋਰ ਪਿਸਤੌਲ ਸਮੇਤ ਸੱਤ ਕਾਰਤੂਸ ਬਰਾਮਦ ਕੀਤੇ ਗਏ ਹਨ। ਫੜੇ ਗਏ ਵਿਅਕਤੀਆਂ ਦੀ ਪਛਾਣ ਹਰਪ੍ਰੀਤ ਸਿੰਘ ਉਰਫ ਹੈਪੀ ਮੱਟੂ ਵਾਸੀ ਰਈਆ ਅਤੇ ਰਾਹੁਲ ਮਸੀਹ ਵਾਸੀ ਚਵਿੰਡਾ ਦੇਵੀ, ਅੰਮ੍ਰਿਤਸਰ ਵਜੋਂ ਹੋਈ ਹੈ।

ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਇਹਨਾਂ ਨੇ ਪਿਛਲੇ ਛੇ ਮਹੀਨਿਆਂ ਵਿੱਚ ਮੱਧ ਪ੍ਰਦੇਸ਼ ਦੇ ਉਜੈਨ ਤੋਂ ਹਥਿਆਰਾਂ ਦੀਆਂ ਚਾਰ ਵੱਡੀਆਂ ਖੇਪਾਂ ਪ੍ਰਾਪਤ ਕੀਤੀਆਂ ਹਨ। ਏ ਆਈ ਜੀ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਦੋਵਾਂ ਨੂੰ ਰੇਲਵੇ ਸਟੇਸ਼ਨ ਜਲੰਧਰ ਛਾਉਣੀ ਨੇੜਿਓਂ ਕਾਬੂ ਕੀਤਾ ਗਿਆ।

ਸੈਸ਼ਨ ਸੱਦਣ ਲਈ ਦੁਸ਼ਯੰਤ ਦਾ ਰਾਜਪਾਲ ਨੂੰ ਪੱਤਰ

ਚੰਡੀਗੜ੍ਹ : ਤਿੰਨ ਆਜ਼ਾਦ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਰਕਾਰ ਤੋਂ ਹਮਾਇਤ ਵਾਪਸ ਲੈਣ ਅਤੇ ਕਾਂਗਰਸ ਨੂੰ ਸਮਰਥਨ ਦੇਣ ਤੋਂ ਦੋ ਦਿਨ ਬਾਅਦ ਸਾਬਕਾ ਉਪ ਮੁੱਖ ਮੰਤਰੀ ਅਤੇ ਜਜਪਾ ਵਿਧ

ਕਿੰਡਰ ਗਾਰਟਨ ਸਕੂਲ ਵੱਲੋ 'ਮਦਰਜ਼ ਡੇ' ਮੌਕੇ ਫੈਸ਼ਨ ਸ਼ੋਅ

ਨਾਭਾ (ਵਰਿੰਦਰ ਵਰਮਾ)-ਮਾਂ ਪ੍ਰਤੀ ਆਪਣੇ ਪਿਆਰ ਨੂੰ ਪ੍ਰਗਟ ਕਰਨ ਲਈ ਦਿ ਕਿੰਡਰਗਾਰਟਨ ਸਕੂਲ ਨਾਭਾ ਦੇ ਵਿਦਿਆਰਥੀਆਂ ਵੱਲੋਂ ਸਕੂਲ ਦੀ ਡਾਇਰੈਕਟਰ ਅੰਸ਼ੂ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਅਨੋਖੇ ਢੰਗ ਨਾਲ 'ਮਾਂ ਦਿਵਸ' ਮਨਾਇਆ ਗਿਆ। ਇਸ ਦੌਰਾਨ ਜਿੱਥੇ ਇੱਕ ਪਾਸੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ ਜਿਵੇਂ ਕਿ ਡਾਂਸ, ਸੰਗੀਤ, ਨਾਟਕ ਆਦਿ ਪੇਸ਼ ਕੀਤੇ ਗਏ, ਉੱਥੇ ਹੀ ਇਸ ਦਿਨ ਨੂੰ ਹੋਰ ਵਿਸ਼ੇਸ਼ ਬਣਾਉਣ ਲਈ ਵਿਦਿਆਰਥੀਆਂ ਦੀਆਂ ਮਾਵਾਂ ਲਈ 'ਫੈਸ਼ਨ ਸ਼ੋਅ' ਵੀ ਕਰਾਇਆ ਗਿਆ। ਮਾਵਾਂ ਨੇ ਆਪਣੇ ਬੱਚਿਆਂ ਨਾਲ ਮਿਲਦੇ-ਜੁਲਦੇ ਕੱਪੜੇ ਪਾ ਕੇ ਤੇ ਫੈਸ਼ਨ ਸ਼ੋਅ ਵਿੱਚ ਹਿੱਸਾ ਲੈਂਦਿਆਂ ਬੱਚਿਆਂ ਪ੍ਰਤੀ ਆਪਣੇ ਗੂੜੇ ਪਿਆਰ ਤੇ ਸਨੇਹ ਨੂੰ ਪ੍ਰਦਰਸ਼ਤ ਕੀਤਾ। ਸਕੂਲ ਦੀ ਡਾਇਰੈਕਟਰ ਅੰਸ਼ੂ ਬਾਂਸਲ ਨੇ ਜੇਤੂਆਂ ਨੂੰ ਇਨਾਮ ਦੇ ਕੇ ਸਾਰੇ ਵਿਦਿਆਰਥੀਆਂ ਨੂੰ ਹਰ ਰੋਜ਼ 'ਮਾਂ ਦਿਵਸ' ਦੇ ਰੂਪ ਵਿੱਚ ਮਨਾਉਣ ਲਈ ਪੇਰਿਤ ਕੀਤਾ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਤੇ ਪ੍ਰਿੰਸੀਪਲ ਪੂਨਮ ਰਾਣੀ ਨੇ ਸਾਰੇ ਵਿਦਿਆਰਥੀਆਂ ਨੂੰ ਮਾਂ ਦੀ ਮਹੱਤਤਾ ਬਾਰੇ ਦੱਸਿਆ। ਮਾਪਿਆਂ ਅਨੁਸਾਰ ਇਸ ਪ੍ਰੋਗਰਾਮ ਨੇ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਨੂੰ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਪ੍ਰਭਾਵਸ਼ਾਲੀ ਮੰਚ ਪ੍ਰਦਾਨ ਕੀਤਾ ਹੈ।

ਕੁਲਵਿੰਦਰ ਸਿੰਘ ਫੌਜੀ ਤੋਗਾਹੇੜੀ ਬਲਾਕ ਪ੍ਰਧਾਨ ਬਣੇ

ਸੰਗਰੂਰ (ਪ੍ਰਵੀਨ ਸਿੰਘ)-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਿਸ਼ਨ ਦੇ ਮਾਲੇਰਕੋਟਲਾ ਤੋਂ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਬਾਠਾਂ ਦੀ ਪੁਰਜ਼ੋਰ ਸਿਫਾਰਸ਼ 'ਤੇ ਉੱਘੇ ਸਮਾਜ ਸੇਵੀ ਕੁਲਵਿੰਦਰ ਸਿੰਘ ਫੌਜੀ ਤੋਗਾਹੇੜੀ ਨੂੰ ਭਾਰਤੀਯ ਅੰਬੇਡਕਰ ਮਿਸ਼ਨ ਬਲਾਕ ਅਮਰਗੜ੍ਹ ਦਾ ਪ੍ਰਧਾਨ ਨਿਯੁਕਤ ਕੀਤਾ ਹੈ, ਜਿਸ ਦਾ ਰਸਮੀ ਐਲਾਨ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਕੀਤਾ ਗਿਆ, ਜਿਸ ਸਬੰਧੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਇਹ ਇੱਕ ਸਮਾਜਿਕ ਜਥੇਬੰਦੀ ਹੈ, ਜੋ ਹਰ ਪੱਧਰ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਭਲਾਈ ਲਈ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਭਾਰਤੀਯ ਅੰਬੇਡਕਰ ਸ਼ਿਨ ਦੇ ਵੱਡੀ ਗਿਣਤੀ ਸਾਥੀ ਪੰਜਾਬ ਸਣੇ ਦੇਸ਼ ਦੇ ਵੱਖ ਵੱਖ ਸੂਬਿਆਂ ਅੰਦਰ ਬੜੀ ਸਰਗਰਮੀ ਨਾਲ ਕੰਮ ਕਰ ਰਹੇ ਹਨ। ਇਸ ਮੌਕੇ ਨਵ-ਨਿਯੁਕਤ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਫੌਜੀ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਮਿਲੀ ਹੈ, ਉਹ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ ਅਤੇ ਹਮੇਸ਼ਾ ਮੈਡਮ ਪੂਨਮ ਕਾਂਗੜਾ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਮਿਸ਼ਨ ਦੀ ਮਜ਼ਬੂਤੀ ਤੇ ਬਿਹਤਰੀ ਲਈ ਕੰਮ ਕਰਨਗੇ। ਇਸ ਮੌਕੇ ਕੁਲਵਿੰਦਰ ਸਿੰਘ ਫੌਜੀ ਨੇ ਬਲਾਕ ਪ੍ਰਧਾਨ ਦੀ ਜ਼ਿੰਮੇਵਾਰੀ ਦੇਣ 'ਤੇ ਮਿਸ਼ਨ ਦੀ ਹਾਈਕਮਾਂਡ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਮਿਸ਼ਨ ਦੇ ਹੋਰ ਵੀ ਆਗੂ ਹਾਜ਼ਰ ਸਨ।

ਟਰੱਕ ਨੇ ਸਕੂਟਰੀ ਸਵਾਰ ਔਰਤ ਨੂੰ ਕੁਚਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਪਿੰਡ ਸਤੀਏ ਵਾਲਾ ਚੌਕ ਤੋਂ ਅੱਗੇ ਭੱਠੇ ਕੋਲ ਇੱਕ ਤੇਜ਼ ਰਫਤਾਰ ਟਰੱਕ ਨੇ ਸਕੂਟਰੀ ਸਵਾਰ ਔਰਤ ਨੂੰ ਕੁਚਲਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੋਪੀ ਚੰਦ ਪੁੱਤਰ ਨੱਥੂ ਰਾਮ ਵਾਸੀ ਕੋਠੀ ਨੰਬਰ 40 ਗਿਲਕੋ ਵਿਊ ਕਲੌਨੀ ਸਤੀਏ ਵਾਲਾ ਨੇ ਦੱਸਿਆ ਕਿ ਉਹ ਆਪਣੀ ਪਤਨੀ ਬਿਬਲਾ ਰਾਣੀ ਨਾਲ ਜ਼ਰੂਰੀ ਕੰਮ ਕਾਰ ਲਈ ਸਕੂਟਰੀ ਟੀਵੀਐੱਸ ਯੂਪੀਕਨ ਨੰਬਰ ਪੀਬੀ 05 ਏਪੀ 5902 'ਤੇ ਗਏ ਸੀ ਤੇ ਘਰ ਵਾਪਸ ਆ ਰਹੇ ਸੀ। ਜਦ ਉਹ ਸਤੀਏ ਵਾਲਾ ਚੌਕ ਤੋਂ ਥੋੜ੍ਹਾ ਅੱਗੇ ਭੱਠੇ ਕੋਲ ਪੁੱਜੇ ਤਾਂ ਇਕ ਤੇਜ਼ ਰਫਤਾਰ ਟਰੱਕ ਸਕੂਟਰੀ ਵਿੱਚ ਮਾਰਿਆ, ਜਿਸ ਨਾਲ ਉਸ ਦੀ ਪਤਨੀ ਬਿਬਲਾ ਰਾਣੀ (57 ਸਾਲ) ਸੜਕ 'ਤੇ ਡਿੱਗ ਪਈ ਤੇ ਉਸ ਦਾ ਸਿਰ ਟਰੱਕ ਹੇਠਾਂ ਆ ਗਿਆ, ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜੋਰਾ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਟਰੱਕ ਚਾਲਕ ਮਲਕੀਤ ਸਿੰਘ ਪੁੱਤਰ ਮਿੱਠਾ ਸਿੰਘ ਵਾਸੀ ਬਸਤੀ ਧਰਮਪੁਰਾ, ਮੱਲਾਂਵਾਲਾ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਐੱਮ ਏ ਐੱਮ ਸਕੂਲ 'ਚ 'ਮਾਂ ਦਿਵਸ' ਮਨਾਇਆ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਮੈਕਸ ਆਰਥਰ ਪਬਲਿਕ ਸਕੂਲ ਵਿੱਚ ਮਾਂ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਦਸਵੀਂ ਦੇ ਵਿਦਿਆਰਥੀਆਂ ਵੱਲੋਂ ਭਾਸ਼ਣ ਤੇ ਕਵਿਤਾਵਾਂ ਰਾਹੀਂ ਮਾਂ ਦੀ ਮਨੁੱਖ ਦੇ ਜੀਵਨ ਵਿੱਚ ਮਹਤੱਤਾ ਨੂੰ ਦਰਸਾਇਆ ਗਿਆ।ਸਕੂਲ ਦੀ ਅਧਿਆਪਕਾ ਮਨਜੀਤ ਕੌਰ ਨੇ ਮਾਂ ਦਿਵਸ ਸੰਬੰਧੀ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਇਸ ਮੌਕੇ ਸਕੂਲ ਵਿੱਚ ਨਰਸਰੀ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ।ਨਰਸਰੀ ਤੋਂ ਦੂਜੀ ਜਮਾਤ ਦੇ ਬੱਚਿਆਂ ਨੇ ਵੱਖ-ਵੱਖ ਆਕ੍ਰਿਤੀਆਂ ਵਿੱਚ ਬਣੇ ਕਾਰਡਾਂ ਵਿੱਚ ਰੰਗਾ-ਬਰੰਗੇ ਰੰਗ ਭਰ ਕੇ ਆਪਣੀ ਮਾਂ ਪ੍ਰਤੀ ਆਪਣਾ ਸਨੇਹ ਪ੍ਰਗਟ ਕੀਤਾ। ਤੀਜੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੰਨ-ਸੁਵੰਨੇ ਰੰਗਾਂ ਵਿੱਚ ਮਾਂ ਦੇ ਪਿਆਰ ਤੇ ਸਨੇਹ ਨੂੰ ਪ੍ਰਗਟ ਕਰਦੇ ਕਾਰਡ ਬਣਾਏ।ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਫੋਟੋ ਫਰੇਮ ਬਣਾਉਣ ਦੀ ਗਤੀਵਿਧੀ ਰਾਹੀਂ ਆਪਣੀਆਂ ਮਾਵਾਂ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ।ਸਕੂਲ ਦੀ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਮਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬੱਚੇ ਦੀ ਸ਼ਖਸੀਅਤ ਬਣਾਉਣ ਵਿੱਚ ਉਸ ਦੀ ਮਾਂ ਅਹਿਮ ਭੂਮਿਕਾ ਨਿਭਾਉਂਦੀ ਹੈ।ਅਸਲ ਵਿੱਚ ਬੱਚੇ ਦੀ ਪਹਿਲੀ ਅਧਿਆਪਕਾ ਉਸ ਦੀ ਮਾਂ ਹੀ ਹੁੰਦੀ ਹੈ ਤੇ ਬੱਚਿਆਂ ਲਈ ਵੀ ਮਾਂ ਦੇ ਪਿਆਰ ਤੇ ਤਿਆਗ ਨੂੰ ਸਮਝਣਾ ਜ਼ਰੂਰੀ ਹੈ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਤੇ ਸਮੂਹ ਸਟਾਫ਼ ਨੇ ਸਾਰੇ ਦੇਸ਼ ਦੀਆਂ ਮਾਵਾਂ ਨੂੰ 'ਮਾਂ ਦਿਵਸ' ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਪੁਜਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਦੇ ਵਿਭਾਗ ਪ੍ਰਧਾਨ ਵਿਮਲ ਕੁਮਾਰ ਮਿੱਤਲ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧੂਰੀ ਦੇ ਬਗਲਾਮੁਖੀ ਮੰਦਿਰ ਵਿੱਚ ਇੱਕ ਨੌਜਵਾਨ ਸੰਦੀਪ ਕੁਮਾਰ ਦਾ ਬੇਰਹਿਮੀ ਨਾਲ ਕਤਲ ਕਰਕੇ ਇਸ ਘਿਨਾਉਣੇ ਕਤਲ ਵਿੱਚ ਸ਼ਾਮਲ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ।ਇਸ ਮੌਕੇ ਜ਼ਿਲ੍ਹਾ ਸਹਿ ਮੰਤਰੀ ਸੰਜੀਵ ਬਾਂਸਲ, ਅਨਿਲ ਖੋਸਲਾ ਤੇ ਬਜਰੰਗ ਦਲ ਦੇ ਕੌਮੀ ਜ਼ਿਲ੍ਹਾ ਉਪ ਪ੍ਰਧਾਨ ਸੰਜੀਵ ਸ਼ਰਮਾ ਨੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਹਿੰਦੂ ਸਮਾਜ ਦੇ ਪਵਿੱਤਰ ਸਥਾਨ 'ਤੇ ਅਜਿਹੀ ਘਟਨਾ ਨੂੰ ਅੰਜਾਮ ਦੇਣ ਨਾਲ ਕਰੋੜਾਂ ਹਿੰਦੂਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਹੋਇਆ ਹੈ।ਅਜਿਹੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਹਵਨ ਕੁੰਡ ਦੀ ਵੀ ਜਾਂਚ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸੰਸਥਾ ਪੂਰੀ ਤਰ੍ਹਾਂ ਪਰਵਾਰ ਨਾਲ ਹੈ।

ਸਰਕਾਰੀ ਸਕੂਲ ਬੁਰਜ ਹਰੀ ਦੇ ਅੱਠਵੀਂ ਤੇ ਬਾਰਵੀਂ ਦੇ ਨਤੀਜੇ ਸ਼ਾਨਦਾਰ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਤੇ ਬਾਰਵੀਂ ਸ਼੍ਰੇਣੀ ਦੇ ਸੈਸ਼ਨ 2023-24 ਦੇ ਨਤੀਜੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੁਰਜ ਹਰੀ ਦੇ ਨਤੀਜੇ ਸੌ ਫ਼ੀਸਦੀ ਤੇ ਸ਼ਾਨਦਾਰ ਰਹੇ।ਇੰਚਾਰਜ ਪ੍ਰਿੰਸੀਪਲ ਗੁਰਤੇਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜਮਾਤ ਸਾਰੇ ਅਧਿਆਪਕਾਂ ਦੇ ਯਤਨਾਂ ਸਦਕਾ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਅੱਠਵੀਂ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ 94 ਪ੍ਰਤੀਸ਼ਤ, ਕੋਮਲਪ੍ਰੀਤ ਕੌਰ 93.6 ਪ੍ਰਤੀਸ਼ਤ ਤੇ ਮਹਿਕਦੀਪ ਸਿੰਘ 92 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ।ਇਸੇ ਤਰ੍ਹਾਂ ਬਾਰਵੀਂ ਸ਼੍ਰੇਣੀ ਵਿੱਚੋਂ ਅਮਨਪ੍ਰੀਤ ਕੌਰ 84 ਪ੍ਰਤੀਸ਼ਤ, ਖੁਸ਼ਦੀਪ ਕੌਰ 82 ਪ੍ਰਤੀਸ਼ਤ ਤੇ ਹਰਮਨ ਸਿੰਘ 80 ਪ੍ਰਤੀਸ਼ਤ ਅੰਕ ਹਾਸਲ ਕਰਕੇ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਸਕੂਲ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ 'ਤੇ ਪਿੰਡ ਵਾਸੀਆਂ, ਮਾਪਿਆਂ ਤੇ ਐੱਸ.ਐਮ.ਸੀ. ਕਮੇਟੀ ਨੇ ਸਾਰੇ ਵਿਦਿਆਰਥੀਆਂ, ਮਾਪਿਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ।

ਨਹਿਰ 'ਚ ਛਾਲ ਮਾਰ ਕੇ ਕੀਤੀ ਖੁਦਕੁਸ਼ੀ, 4 ਖਿਲਾਫ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਲੱਧੂਵਾਲਾ ਉਤਾੜ ਵਿਖੇ ਦੁਕਾਨਾਂ ਦੇ ਚੱਲ ਰਹੇ ਝਗੜੇ ਨੂੰ ਲੈ ਕੇ ਇਕ ਵਿਅਕਤੀ ਵੱਲੋਂ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਦੋਸ਼ ਵਿੱਚ 4 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨਾਜਮ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਫੱਤਣ ਵਾਲਾ (ਸ਼੍ਰੀ ਮੁਕਤਸਰ ਸਾਹਿਬ) ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੇ ਪਿਤਾ ਗੁਰਮੇਲ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਆਪਣੀਆਂ ਦੁਕਾਨਾਂ ਲੱਧੂਵਾਲਾ ਨਹਿਰਾਂ 'ਤੇ ਬਣਾਈਆਂ ਹੋਈਆਂ ਹਨ ਅਤੇ ਇਨ੍ਹਾਂ ਦੁਕਾਨਾਂ ਦਾ ਝਗੜਾ ਰਣਦੀਪ ਸਿੰਘ ਵਗੈਰਾ ਨਾਲ ਚੱਲਦਾ ਹੈ, ਜਿਸ ਕਰਕੇ ਉਸ ਦੇ ਪਿਤਾ ਗੁਰਮੇਲ ਸਿੰਘ ਨੇ ਆਪਣੇ ਸੁਸਾਇਡ ਨੋਟ ਵਿੱਚ ਲਿਖਿਆ ਕਿ ਉਸ ਨੇ ਦੁਕਾਨ ਦੇ ਝਗੜੇ ਕਾਰਨ ਰਣਦੀਪ ਸਿੰਘ ਵਗੈਰਾ ਤੋਂ ਦੁਖੀ ਹੋ ਕੇ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ ਅਤੇ ਉਸ ਦੀ ਮੌਤ ਦੇ ਜ਼ੁੰਮੇਵਾਰ ਰਣਦੀਪ ਸਿੰਘ ਵਗੈਰਾ ਹੋਣਗੇ। ਵੈਰੋਕੇ ਥਾਣੇ ਦੀ ਪੁਲਸ ਵੱਲੋਂ ਸ਼ਿਕਾਇਤਕਰਤਾ ਨਾਜਮ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਰਣਦੀਪ ਸਿੰਘ ਪੁੱਤਰ ਸੁਖਪਾਲ ਸਿੰਘ, ਹਰਵਿੰਦਰ ਕੌਰ ਪਤਨੀ ਰਣਦੀਪ ਸਿੰਘ ਵਾਸੀਆਨ ਫੱਤਣਵਾਲਾ, ਪਰਵਿੰਦਰ ਸਿੰਘ ਉਰਫ ਲਵਲੀ ਪੁੱਤਰ ਦਿਲਬਾਗ ਸਿੰਘ ਵਾਸੀ ਲੱਕੜ ਵਾਲਾ ਥਾਣਾ ਸਦਰ ਮਲੋਟ ਅਤੇ ਟਿੱਕਾ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਗੋਬਿੰਦ ਨਗਰੀ ਸ਼੍ਰੀ ਮੁਕਤਸਰ ਸਾਹਿਬ ਖਿਲਾਫ ਧਾਰਾ 306 ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਭਾਰਤੀ ਹਵਾਈ ਸੈਨਾ ਦੇ ਸਟੇਸ਼ਨ 'ਚ ਚੋਰੀ

ਸਿਰਸਾ (ਸੁਰਿੰਦਰ ਪਾਲ ਸਿੰਘ) : ਸਿਰਸਾ ਦੇ ਭਾਰਤੀ ਹਵਾਈ ਸੈਨਾ ਸਟੇਸ਼ਨ ਦੇ ਸਾਰਜੈਂਟ ਦੇ ਸਰਕਾਰੀ ਕੁਆਰਟਰ (ਕਾਰਗਿਲ) ਵਿੱਚ ਚੋਰਾਂ ਨੇ ਕੁਆਟਰ ਵਿੱਚੋਂ 4 ਲੱਖ ਰੁਪਏ ਦੇ ਸੋਨੇ ਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ ਹਨ।ਘਟਨਾ ਸਮੇਂ ਸਾਰਜੈਂਟ ਸੁਧੀਰ ਕੁਮਾਰ ਇੱਕ ਦਿਨ ਦੀ ਐਮਰਜੈਂਸੀ ਛੁੱਟੀ 'ਤੇ ਗਿਆ ਹੋਇਆ ਸੀ।ਸਿਟੀ ਪੁਲਸ ਨੇ ਸਾਰਜੈਂਟ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖਿਲਾਫ ਐੱਫ.ਆਈ.ਆਰ. ਦਰਜ ਕਰ ਲਈ ਹੈ। ਪੁਲਸ ਰਿਪੋਰਟ ਅਨੁਸਾਰ ਸਾਰਜੈਂਟ ਸੁਧੀਰ ਕੁਮਾਰ ਦਾ ਕਹਿਣਾ ਹੈ ਕਿ ਉਹ ਏਅਰ ਫੋਰਸ ਸਟੇਸ਼ਨ ਸਿਰਸਾ ਵਿਖੇ ਮਕਾਨ ਨੰਬਰ 5-10/1 (ਕਾਰਗਿਲ) ਵਿੱਚ ਰਹਿੰਦਾ ਹੈ।ਉਹ ਇਕ ਦਿਨ ਦੀ ਐਮਰਜੈਂਸੀ ਛੁੱਟੀ 'ਤੇ ਗਿਆ, ਜਦੋਂ ਵਾਪਸ ਆਇਆ ਤਾਂ ਘਰ ਦੇ ਬਾਥਰੂਮ ਦਾ ਤਾਲਾ ਟੁੱਟਿਆ ਹੋਇਆ ਸੀ ਤੇ ਜਦੋਂ ਉਸ ਨੇ ਅਲਮਾਰੀ ਦੀ ਜਾਂਚ ਕੀਤੀ ਤਾਂ ਉਸ ਵਿੱਚੋਂ ਸੋਨੇ ਦੀ ਚੇਨ, ਕੰਨਾਂ ਦੀਆਂ ਵਾਲੀਆਂ, ਸੋਨੇ ਦੇ ਟੋਪਸ, ਕੰਨਾਂ ਦੀਆਂ ਵਾਲੀਆਂ, ਮੁੰਦਰੀਆਂ, 2 ਮੰਗਲਸੂਤਰ, ਲਾਕਟ ਤੇ ਚਾਂਦੀ ਦੇ ਤਿੰਨ ਜੋੜੇ ਗਾਇਬ ਪਾਏ ਗਏ।ਸਾਰਜੈਂਟ ਸੁਧੀਰ ਕੁਮਾਰ ਦਾ ਕਹਿਣਾ ਹੈ ਕਿ ਉਸ ਦੀ ਛੁੱਟੀ ਬਾਰੇ ਸਿਰਫ਼ ਸਾਰਜੈਂਟ ਸਚਿਨ, ਰਫ਼ੀਕ, ਕਰਨਾਲ, ਸ਼ੰਕਰ ਰਜਕ, ਸਾਰਜੈਂਟ ਰਾਹੁਲ ਤੇ ਸ਼ਰਮਾ ਨੂੰ ਹੀ ਪਤਾ ਸੀ।ਪੁਲਸ ਦੇ ਜਾਂਚ ਅਧਿਕਾਰੀ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਜਲਦੀ ਹੀ ਘਟਨਾ ਦਾ ਭੇਤ ਸੁਲਝ

10-May-PAGE-3.qxd 5/9/2024 10:49 PM Page 1

ਮਾਲੇਰਕੋਟਲੇ ਦੇ ਲੋਕ ਜ਼ੁਲਮ ਖਿਲਾਫ ਹਾਅ ਦਾ ਨਾਅਰਾ ਮਾਰਨ ਵਾਲੇ ਹਨ : ਭਗਵੰਤ ਮਾਨ

ਮਲੇਰਕੋਟਲਾ, (ਅਸਗਰ ਪਰਿਹਾਰ)

ਮੁੱਖ ਮੰਤਰੀ ਭਗਵੰਤ ਮਾਨ ਨੇ ਮਲੇਰਕੋਟਲਾ 'ਚ ਅਕਾਲੀ ਦਲ ਬਾਦਲ ਅਤੇ ਭਾਜਪਾ 'ਤੇ ਤਿੱਖਾ ਹਮਲਾ ਕੀਤਾ। ਉਹ ਸੰਗਰੂਰ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਲਈ ਚੋਣ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮਲੇਰਕੋਟਲਾ ਦੇ ਲੋਕ ਬੇਇਨਸਾਫੀ ਵਿਰੁੱਧ ਆਵਾਜ ਉਠਾਉਣ ਲਈ ਜਾਣੇ ਜਾਂਦੇ ਹਨ, ਉਹ ਨਫਰਤ ਫੈਲਾਉਣ ਵਾਲਿਆਂ ਨੂੰ ਇਸ ਵਾਰ ਬੁਰੀ ਤਰ੍ਹਾਂ ਹਰਾਉਣਗੇ। ਭਗਵੰਤ ਮਾਨ ਨੇ ਮਲੇਰਕੋਟਲਾ ਵਿੱਚ ਰੋਡ ਸੋਅ ਕੀਤਾ, ਜਿੱਥੇ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਖਾਸਕਰ ਨੌਜਵਾਨਾਂ ਨੇ 'ਆਪ' ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਕ 'ਚ ਨਾਅਰੇ ਲਾਏ। ਭਗਵੰਤ ਮਾਨ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੇ ਪਿਆਰ ਅਤੇ ਸਮਰਥਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਮਾਨ ਨੇ ਕਿਹਾ ਕਿ ਤੁਹਾਡਾ ਇਹ ਪਿਆਰ ਮੈਨੂੰ ਨੂੰ ਥੱਕਣ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਮਲੇਰਕੋਟਲਾ ਵਾਸੀਆਂ ਨੇ ਮੈਨੂੰ ਹਮੇਸ਼ਾ ਭਰਪੂਰ ਸਮਰਥਨ ਦਿੱਤਾ ਹੈ। 2014 ਅਤੇ 2019 'ਚ ਇਥੋਂ ਦੇ ਲੋਕਾਂ ਨੇ ਮੇਰੀ ਜਿੱਤ 'ਚ ਯੋਗਦਾਨ ਪਾਇਆ ਸੀ, ਇਸ ਵਾਰ ਵੀ ਉਹ 'ਆਪ' ਉਮੀਦਵਾਰ ਮੀਤ ਹੇਅਰ ਦੀ ਜਿੱਤ ਯਕੀਨੀ ਬਣਾਉਣਗੇ। ਮਾਨ ਨੇ ਕਿਹਾ ਕਿ ਮੀਤ ਹੇਅਰ ਇੱਕ ਮਿਹਨਤੀ ਅਤੇ ਇਮਾਨਦਾਰ ਆਗੂ ਹਨ, ਜੋ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਆਈ ਏ ਐਸ ਦੀ ਪ੍ਰੀਖਿਆ ਦੀ ਤਿਆਰੀ ਕਰ ਰਹੇ ਸੀ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ, ਪਰੰਤੂ ਹੁਣ ਲੋਕਾਂ ਨੇ ਉਨ੍ਹਾਂ ਦਾ ਅਸਲੀ ਚਿਹਰਾ ਦੇਖ ਲਿਆ ਹੈ ਅਤੇ ਉਹ ਬੁਰੀ ਤਰ੍ਹਾਂ ਹਾਰ ਰਹੇ ਹਨ। ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਹਿੰਦੀ ਡਿਕਸਨਰੀ ਵਿੱਚ ਕਰੀਬ 6 ਲੱਖ ਸਬਦ ਹਨ, ਪਰ ਪੀ ਐਮ ਮੋਦੀ ਹਿੰਦੂ-

ਮੁਸਲਿਮ, ਮੰਦਰ-ਮਸਜਿਦ, ਪਾਕਿਸਤਾਨ ਅਤੇ ਕਬਰਸਤਾਨ ਵਰਗੇ 8 ਤੋਂ 10 ਸਬਦ ਹੀ ਬੋਲਦੇ ਹਨ। ਉਹ ਕਦੇ ਵੀ ਮਹਿੰਗਾਈ, ਬੇਰੁਜਗਾਰੀ, ਗਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ 'ਤੇ ਨਹੀਂ ਬੋਲਦੇ। ਭਗਵੰਤ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ 10 ਸਾਲ ਪ੍ਰਧਾਨ ਮੰਤਰੀ ਰਹਿਣ ਤੋਂ ਬਾਅਦ ਵੀ ਉਹ ਮੰਗਲ-ਸੂਤਰ ਦੇ ਨਾਂਅ 'ਤੇ ਵੋਟਾਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ। ਇਹ (ਭਾਜਪਾ) ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂਅ 'ਤੇ ਡਰਾ-ਧਮਕਾ ਕੇ ਵੋਟ ਬਟੋਰਨਾ ਚਾਹੁੰਦੇ ਹਨ। ਪੰਜਾਬ ਨੂੰ ਵੰਡਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਪਰ ਪੰਜਾਬ ਦੇ ਲੋਕ ਨਫਰਤ ਦੀ ਰਾਜਨੀਤੀ ਨੂੰ ਕਦੇ ਵੀ ਬਰਦਾਸਤ ਨਹੀਂ ਕਰਨਗੇ। ਪੰਜਾਬ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਇੱਥੋਂ ਦੇ ਲੋਕ ਗੁਰਪੁਰਬ, ਈਦ, ਹੋਲੀ, ਦੀਵਾਲੀ ਅਤੇ ਰਾਮਨੌਮੀ ਇਕੱਠੇ ਹੋ ਕੇ ਮਨਾਉਂਦੇ ਹਨ। ਭਾਜਪਾ ਦੀ ਨਫਰਤ ਦੀ ਰਾਜਨੀਤੀ ਇੱਥੇ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ। ਭਗਵੰਤ ਮਾਨ ਨੇ ਕਿਹਾ ਕਿ ਅਸੀਂ ਕੰਮ ਦੀ ਰਾਜਨੀਤੀ ਕਰਦੇ ਹਾਂ। ਮੈਂ ਸਾਰਿਆਂ ਲਈ ਬਿਜਲੀ ਮੁਫਤ ਕੀਤੀ, ਚੰਗੇ ਸਕੂਲ ਅਤੇ ਹਸਪਤਾਲ ਬਣਾਏ, 829 ਮੁਹੱਲਾ ਕਲੀਨਿਕ ਖੋਲ੍ਹੇ, 43,000 ਸਰਕਾਰੀ ਨੌਕਰੀਆਂ ਦਿੱਤੀਆਂ, ਨੌਜਵਾਨਾਂ ਲਈ ਰੋਜਗਾਰ ਦੇ ਮੌਕੇ ਪੈਦਾ ਕੀਤੇ, ਸਹੀਦਾਂ ਦੇ ਪਰਿਵਾਰਾਂ ਨੂੰ 1 ਕਰੋੜ ਐਕਸ-ਗ੍ਰੇਸੀਆ ਦਿੱਤੀ, ਆਮ ਲੋਕਾਂ ਨੂੰ ਉਨ੍ਹਾਂ ਦੇ ਘਰ ਵਿੱਚ ਹੀ ਸਰਕਾਰੀ ਸੇਵਾਵਾਂ ਮਿਲ ਰਹੀਆਂ ਹਨ। ਭਗਵੰਤ ਮਾਨ ਨੇ ਸੁਖਬੀਰ ਬਾਦਲ 'ਤੇ ਵਿਅੰਗ ਕੱਸਦੇ ਹੋਏ ਕਿਹਾ ਕਿ ਉਹ ਆਪਣੇ ਮਹਿਲਾਂ 'ਚੋਂ ਤਾਪਮਾਨ ਪੁੱਛ ਕੇ ਬਾਹਰ ਨਿਕਲਦੇ ਹਨ। ਉਹ ਪੰਜਾਬ ਨੂੰ ਬਚਾਉਣ ਲਈ 30 ਡਿਗਰੀ ਸੈਲਸੀਅਸ ਵਿੱਚ ਇੱਕ ਘੰਟੇ ਲਈ ਬਾਹਰ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਵਰਗੇ ਹਾਂ, ਅਸੀਂ ਪਿੰਡਾਂ ਅਤੇ ਸਰਕਾਰੀ ਸਕੂਲਾਂ ਤੋਂ ਆਏ ਹਾਂ। ਮੈਂ ਤੁਹਾਡੇ ਦਰਦ ਅਤੇ ਤੁਹਾਡੀਆਂ ਸਮੱਸਿਆਵਾਂ ਨੂੰ ਸਮਝਦਾ ਹਾਂ। ਗੁਰਮੀਤ ਸਿੰਘ ਮੀਤ ਹੇਅਰ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਮਲੇਰਕੋਟਲਾ ਵਾਸੀਆਂ ਦਾ ਸਮਰਥਨ ਦੇਣ ਲਈ ਧੰਨਵਾਦ ਕੀਤਾ। ਮੀਤ ਹੇਅਰ ਨੇ ਕਿਹਾ ਕਿ ਉਹ 7 ਸਾਲ ਤੋਂ ਬਰਨਾਲਾ ਦੇ ਵਿਧਾਇਕ ਹਨ। ਇਹਨਾਂ ਸੱਤ ਸਾਲਾਂ ਦੌਰਾਨ ਮੈਂ ਆਪਣਾ ਕੰਮ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੀਤਾ ਹੈ। ਇੱਕ ਸਾਂਸਦ ਵਜੋਂ ਵੀ ਮੈਂ ਤੁਹਾਡੀ ਪੂਰੀ ਸੇਵਾ ਕਰਾਂਗਾ। ਮੀਤ ਹੇਅਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸੇ ਤਰਾਂ ਉਨ੍ਹਾਂ ਦਾ ਸਾਥ ਦਿੰਦੇ ਰਹਿਣ ਅਤੇ ਸੰਗਰੂਰ ਵਿੱਚ 'ਆਪ' ਦੀ ਇਤਿਹਾਸਕ ਜਿੱਤ ਯਕੀਨੀ ਬਣਾਉਣ।

ਐਡਵੋਕੇਟ ਧਾਮੀ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਨ ਲਈ ਐਪ ਕੀਤੀ ਜਾਰੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਣ ਹੁੰਦਾ ਗੁਰਬਾਣੀ ਕੀਰਤਨ ਹੁਣ ਐਪਲ ਦੇ ਫੋਨ, ਲੈਪਟਾਪ, ਆਈ-ਪੈਡ ਅਤੇ ਕੰਪਿਊਟਰ ਵਰਤਣ ਵਾਲੇ ਵੀ ਆਡੀਓ ਰੂਪ ਵਿੱਚ ਸੁਣ ਸਕਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਐਪਲ ਆਈ ਓ ਐੱਸ ਅਧਾਰਿਤ ਐਪਲੀਕੇਸ਼ਨ ਜਾਰੀ ਕੀਤੀ ਹੈ। ਇਸ ਐਪ ਦਾ ਨਾਂਅ 'ਐਸ ਜੀ ਪੀ ਸੀ ਗੁਰਬਾਣੀ ਕੀਰਤਨ' ਹੈ, ਜੋ ਕਿ ਐਪਲ ਐਪਲੀਕੇਸ਼ਨ ਸਟੋਰ ਤੋਂ ਸ਼ਰਧਾਲੂ ਡਾਊਨਲੋਡ ਕਰ ਸਕਣਗੇ। ਐਪ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਆਸਥਾ ਦਾ ਕੇਂਦਰ ਹੈ ਅਤੇ ਹਰ ਸ਼ਰਧਾਲੂ ਦੀ ਇਸ ਪਾਵਨ ਅਸਥਾਨ ਤੋਂ ਗੁਰਬਾਣੀ ਕੀਰਤਨ ਸਰਵਣ ਕਰਨ ਦੀ ਤਾਂਘ ਹੁੰਦੀ ਹੈ। ਸੰਗਤ ਦੀ ਇਸ ਭਾਵਨਾ ਦਾ ਸਤਿਕਾਰ ਕਰਦਿਆਂ ਐਪ ਜਾਰੀ ਕੀਤੀ ਗਈ ਹੈ, ਕਿਉਂਕਿ ਮੌਜੂਦਾ ਸਮੇਂ ਹਰ ਵਿਅਕਤੀ ਮੋਬਾਈਲ ਆਦਿ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਐਪਲ ਦੇ ਫੋਨ ਰੱਖਣ ਵਾਲਿਆਂ ਲਈ ਅੱਜ ਜਾਰੀ ਕੀਤੀ ਇਸ ਗੁਰਬਾਣੀ ਐਪ ਤੋਂ ਪਹਿਲਾਂ ਐਂਡ੍ਰੋਇਡ ਫੋਨ ਵਰਤਣ ਵਾਲਿਆਂ ਵਾਸਤੇ ਵੀ ਐਪ ਕਾਰਜਸ਼ੀਲ ਹੈ, ਜਿਸ ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਐਡਵੋਕੇਟ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਅਧਿਕਾਰਤ ਐਪ ਦੀ ਵਰਤੋਂ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਹੋਣ ਵਾਲੇ ਪੂਰੇ ਦਿਨ ਦਾ ਸਿੱਧਾ ਆਡੀਓ ਪ੍ਰਸਾਰਣ ਸਰਵਣ ਕਰਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵਡ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ, ਓ ਐਸ ਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਆਦਿ ਹਾਜ਼ਰ ਸਨ।

ਇੰਨੋਸੈਂਟ ਹਾਰਟਸ 'ਚ ਮਨਾਇਆ ਵਿਸ਼ਵ ਰੈੱਡ ਕਰਾਸ ਦਿਵਸ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੁਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਦੇ ਸਾਰੇ ਪੰਜ ਸਕੂਲਾਂ ਵਿਚ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਗਿਆ । ਜਿਸ ਦਾ ਉਦੇਸ਼ ਬੱਚਿਆਂ ਦੇ ਮਨਾਂ ਵਿਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ ।ਇਸ ਮੌਕੇ ਬੱਚਿਆਂ ਨੂੰ ਫਸਟ ਏਡ ਕਿੱਟ ਤਿਆਰ ਕਰਕੇ ਦਿੱਤੀ ਗਈ, ਜਿਸ ਵਿੱਚ ਕੈਂਚੀ, ਪਤਲੀਆਂ ਪੱਟੀਆਂ, ਚਿਪਕਣ ਵਾਲੀ ਟੇਪ, ਥਰਮਾਮੀਟਰ, ਤਿਕੋਣੀ ਪੱਟੀ ਆਦਿ ਸਾਰੀਆਂ ਫਸਟ ਏਡ ਆਈਟਮਾਂ ਮੌਜੂਦ ਸਨ ਅਤੇ ਲੋੜ ਪੈਣ 'ਤੇ ਇਨ੍ਹਾਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸ ਬਾਰੇ ਵੀ ਦੱਸਿਆ ਗਿਆ । ਇਸ ਮੌਕੇ ਇੰਨੋਸੈਂਟ ਹਾਰਟਸ ਸਕੂਲ ਦੇ ਐਲਯੂਮਿਨੀ, ਐਮਰਜੈਂਸੀ ਵਿਭਾਗ ਦੇ ਡਾ.ਰਣਧੀਰ ਨੇ ਆਪਣੀ ਟੀਮ ਨਾਲ ਇੰਨੋਸੈਂਟ ਹਾਰਟਸ ਨੂਰਪੁਰ ਦਾ ਦੌਰਾ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਕੀਤਾ ਕਿ ਉਹ ਮਰੀਜ਼ ਨੂੰ ਕੋਈ ਵੀ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਤੋਂ ਪਹਿਲਾਂ ਕਿਸੇ ਦੀ ਜਾਨ ਕਿਵੇਂ ਬਚਾ ਸਕਦੇ ਹਨ । ਸੈਸ਼ਨ ਦੀ ਸ਼ੁਰੂਆਤ ਵਿਸ਼ਵ ਰੈੱਡ ਕਰਾਸ ਦਿਵਸ 2024 ਆਈ ਗਿਵ ਵਿਦ ਜਵਾਯ, ਐਂਡ ਦ ਜਵਾਯ ਗਿਵ ਇਜ ਅ ਰਿਵਾਡ ਦੇ ਥੀਮ ਹੇਠ ਇੱਕ ਪ੍ਰਭਾਵਸ਼ਾਲੀ ਨੁੱਕੜ ਨਾਟਕ ਨਾਲ ਸ਼ੁਰੂ ਹੋਇਆ । ਇਸ ਤੋਂ ਬਾਅਦ, ਪਿਛਲੇ 10 ਸਾਲਾਂ ਤੋਂ ਬੀ.ਐਲ.ਐਸ. (ਬੇਸਿਕ ਲਾਈਫ ਸਪੋਰਟ) ਵਿੱਚ ਸਿਖਲਾਈ ਪ੍ਰਾਪਤ ਵਿਕਰਮ ਨੇ ਵਿਦਿਆਰਥੀਆਂ ਨੂੰ ਪ੍ਰਦਰਸ਼ਨੀ ਦੇ ਨਾਲ ਇੱਕ ਡੈਮੋਨਸਟਰੇਸ਼ਨ ਦਿੱਤੀ ਕਿ ਕਿਸ ਤਰ੍ਹਾਂ ਮਰੀਜ਼ ਨੂੰ ਰਿਕਵਰੀ ਪੋਜੀਸ਼ਨ ਤੱਕ ਲਿਜਾਣਾ ਚਾਹੀਦਾ ਹੈ।ਇਸ ਤੋਂ ਬਾਅਦ ਵਿਦਿਆਰਥੀਆਂ ਲਈ ਪ੍ਰਸ਼ਨ-ਉੱਤਰ ਸੈਸ਼ਨ ਦਾ ਆਯੋਜਨ ਕੀਤਾ ਗਿਆ । ਕਲਾਸਾਂ ਵਿੱਚ ਸਾਇੰਸ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਹੈਨਰੀ ਡੂਨਟ ਦੇ ਜਨਮ ਦਿਨ ਤੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਜਾਂਦਾ ਹੈ।ਜਿਸ ਤਰ੍ਹਾਂ ਰੈੱਡ ਕਰਾਸ ਸੰਸਥਾ ਦੇ ਵਲੰਟੀਅਰ ਵੱਖ-ਵੱਖ ਆਫ਼ਤਾਂ ਵਿੱਚ ਨਿਰਸਵਾਰਥ ਭਾਵਨਾ ਨਾਲ ਆਪਣੀਆਂ ਸੇਵਾਵਾਂ ਦਿੰਦੇ ਰਹਿੰਦੇ ਹਨ, ਉਸੇ ਤਰ੍ਹਾਂ ਸਾਨੂੰ ਵੀ ਮਨੁੱਖੀ ਭਲਾਈ ਅਤੇ ਦਾਨ ਲਈ ਆਪਣੇ ਪੱਧਰ 'ਤੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

ਉਸਮਾ ਟੋਲ ਪਲਾਜ਼ਾ ਕੀਤਾ ਬੰਦ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਕਿਸਾਨ ਮਜ਼ਦੂਰ ਸੰਘਰਸ ਕਮੇਟੀ ਪੰਜਾਬ ਦੀ ਅਗਵਾਈ ਹੇਠ ਤਰਨ ਤਰਨ ਪੱਟੀ ਰੋਡ ਜੋ ਅਲਾਦੀਨਪੁਰ ਪਿੰਡ ਦੇ ਫਲਾਈ ਓਵਰ ਤੋਂ ਸ਼ੁਰੂ ਹੁੰਦੀ ਖਰਾਬ ਹੋ ਚੁੱਕੀ ਸੜਕ 'ਤੇ ਡੂੰਘੇ ਪੈ ਚੁੱਕੇ ਖੱਡਿਆਂ ਤੇ ਗੰਦੇ ਪਾਣੀ ਕਾਰਨ ਨਿਤ ਵਾਪਰ ਰਹੇ ਹਾਦਸਿਆਂ ਕਾਰਨ ਹਾਈਵੇ ਥਾਰਟੀ ਪੰਜਾਬ ਸਰਕਾਰ ਤੇ ਤੋਲ ਕੰਪਨੀ ਦੇ ਨਾਹ ਪੱਖੀ ਰਵੱਈਏ ਕਾਰਨ ਹਾਈਵੇ ਨੰਬਰ 54 'ਤੇ ਉਸਮਾ ਟੋਲ ਪਲਾਜਾ ਬੰਦ ਕਰ ਦਿੱਤਾ ਗਿਆ ਇਹ ਟੋਲ ਪਲਾਜਾ ਨਵੀਂ ਸੜਕ ਬਣਨ ਤੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਤੱਕ ਬੰਦ ਰਹੇਗਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਕੌਰ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਚੁਤਾਲਾ ਤਰਸੇਮ ਸਿੰਘ ਮਾਸਟਰ ਮੇਹਰ ਸਿੰਘ ਸਤਨਾਮ ਸਿੰਘ ਨੇ ਕਿਹਾ ਕਿ ਪਿਛਲੇ 10 ਮਹੀਨਿਆਂ ਤੋਂ ਤਰਨ ਤਾਨ ਤੋਂ ਪੱਟੀ ਨੂੰ ਜਾਣ ਵਾਲੀ ਸੜਕ ਉੱਤੇ ਪਿੰਡ ਚੁਤਾਲਾ ਦੇ ਮੋੜ ਲਾਗੇ ਬਰਸਾਤੀ ਪਾਣੀ ਇਕੱਠਾ ਹੋਣਾ ਸ਼ੁਰੂ ਹੋਇਆ ਸੀ ਇਸ ਬਰਸਾਤੀ ਪਾਣੀ ਨਾਲ ਨਿੱਕੇ ਨਿੱਕੇ ਖੱਡੇ ਪਏ ਤੇ ਹੁਣ ਇੱਥੇ ਪਿੰਡ ਅਲਾਦੀਨਪੁਰ ਦਾ ਗੰਦਾ ਪਾਣੀ ਜੋ ਪਿੰਡ ਆ ਕੇ ਇਕੱਠਾ ਹੁੰਦਾ ਹੈ ਤੇ ਦੋ ਦੋ ਫੁੱਟ ਡੂੰਘੇ ਖੱਡੇ ਪੈ ਚੁੱਕੇ ਹਨ ਹਰ ਰੋਜ ਆਮ ਲੋਕ ਦੇ ਸਾਧਨਾਂ ਦੀ ਟੁੱਟ ਭੱਜ ਹੁੰਦੀ ਹੈ ਤੇ ਪਿੰਡ ਚੁਤਾਲਾ ਨੂੰ ਜਾਣ ਵਾਲਾ ਰਸਤਾ ਪੂਰੀ ਤਰਹਾਂ ਬੰਦ ਹੋ ਗਿਆ ਪਿੰਡ ਵਾਸੀਆਂ ਨੂੰ ਪਿੰਡ ਜਾਣ ਲਈ ਤਿੰਨ ਕਿਲੋਮੀਟਰ ਦਾ ਵੱਧ ਰਸਤਾ ਤੈਅ ਕਰਨਾ ਪੈ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ 10 ਜਨਵਰੀ 2024 ਨੂੰ ਜਥੇਬੰਦੀ ਵੱਲੋਂ ਉਸਮਾ ਟੋਲ ਤੇ ਧਰਨਾ ਦਿੱਤਾ ਗਿਆ ਸੀ ਜਿਸ ਤੇ ਜ਼ਿਲ੍ਹਾ

ਪ੍ਰਸਾਸਨ ਤੇ ਹਾਈਵੇ ਅਥਾਰਟੀ ਵੱਲੋਂ ਹਫਤੇ ਵਿੱਚ ਸੜਕ ਦੀ ਮੁਰੰਮਤ ਤੇ ਪਾਣੀ ਦੀ ਨਿਕਾਸੀ ਵਾਸਤੇ ਨਾਲਾ ਸਾਫ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਅੱਜ ਦਸ ਜਨਵਰੀ ਤੋਂ 9 ਮਈ ਤੱਕ ਕਰੀਬ ਚਾਰ ਮਹੀਨੇ ਦਾ ਸਮਾਂ ਗੁਜਰ ਚੁੱਕਾ ਹੈ। ਕੋਈ ਕਾਰਵਾਈ ਨਾ ਹੁੰਦੀ ਦੇਖ ਕੇ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਉਸਮਾ ਟੋਲ ਪਲਾਜਾ ਬੰਦ ਕੀਤਾ ਜਾਵੇਗਾ ਤੇ ਉਹਨਾਂ ਚਿਰ ਬੰਦ ਰਹੇਗਾ ਜਦ ਤੱਕ ਸੜਕ ਤੇ ਪ੍ਰੀ ਮਿਕਸ ਨਹੀਂ ਪੈਂਦਾ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਪ੍ਰਬੰਧ ਨਹੀਂ ਕੀਤਾ ਜਾਂਦਾ ਪ੍ਰਬੰਧ ਹੋਣ ਤੱਕ ਟੋਲ ਪਲਾਜਾ ਫਰੀ ਰਹੇਗਾ ਇਸ ਮੌਕੇ ਤਰਸੇਮ ਸਿੰਘ, ਅਨੋਖ ਸਿੰਘ, ਜੋਗਿੰਦਰ ਸਿੰਘ, ਬਲਦੇਵ ਕੁਮਾਰ, ਪਰਮਜੀਤ ਸਿੰਘ ਚੰਬਲ, ਮਹਿੰਦਰ ਸਿੰਘ, ਹਰਜਿੰਦਰ ਸਿੰਘ, ਹੀਰਾ ਸਿੰਘ, ਗੁਰਪ੍ਰੀਤ ਕੌਰ, ਅਮਰੀਕ ਕੌਰ, ਹਰਜੀਤ ਕੌਰ, ਸੁਖਵਿੰਦਰ ਕੌਰ, ਸਵਿੰਦਰ ਕੌਰ, ਮਨਜੀਤ ਕੌਰ, ਚੇਤ ਕੌਰ, ਜਰਨੈਲ ਸਿੰਘ, ਮੇਜਰ ਸਿੰਘ, ਜਲਵਿੰਦਰ ਕੌਰ, ਕਾਬਲ ਸਿੰਘ ਆਦਿ ਆਗੂ ਹਾਜ਼ਰ ਸਨ।

ਸ੍ਰੀ ਗੁਰੂ ਰਾਮਦਾਸ ਆਟੋ ਯੂਨੀਅਨ ਨੇ ਗੁਰਦਿਆਲ ਸਿੰਘ ਦੇ ਹੱਕ 'ਚ ਕੀਤੀ ਮੀਟਿੰਗ

ਸਰਾਏ ਅਮਾਨਤ ਖਾਂ (ਮੱਖਣ ਮਨੋਜ)

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਤੇ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ ਪੀ ਆਈ ਐਮ) ਦੇ ਖਡੂਰ ਸਾਹਿਬ ਹਲਕੇ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਦੇ ਹੱਕ 'ਚ ਬਾਬਾ ਬੁੱਢਾ ਸਾ

ਨਵਾਂ ਜ਼ਮਾਨਾ
ਸ਼ੁੱਕਰਵਾਰ, 10 ਮਈ 2024

ਘਬਰਾਉਣ ਦੀ ਲੋੜ ਨਹੀਂ

ਐਸਟ੍ਰਾਜੇਨੇਕਾ ਦੀ ਵੈਕਸੀਨ ਕੋਵੀਸ਼ੀਲਡ ਦੇ ਮਾੜੇ ਪ੍ਰਭਾਵ ਸਾਹਮਣੇ ਆਉਣ ਤੋਂ ਬਾਅਦ ਇਹ ਟੀਕਾ ਲੁਆ ਚੁੱਕੇ ਲੋਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦਾ ਡਰ ਬਣਿਆ ਹੋਇਆ ਹੈ। ਅਪ੍ਰੈਲ ਦੇ ਆਖਰੀ ਹਫਤੇ ਇਹ ਟੀਕਾ ਬਣਾਉਣ ਵਾਲੀ ਕੰਪਨੀ ਨੇ ਬਰਤਾਨੀਆ ਦੀ ਅਦਾਲਤ 'ਚ ਮੰਨਿਆ ਸੀ ਕਿ ਇਹ ਟੀਕਾ ਲੁਆ ਚੁੱਕੇ ਲੋਕਾਂ ਵਿਚ ਕੁਝ ਹਾਲਤਾਂ 'ਚ ਖੂਨ ਦਾ ਥੱਕਾ (ਕਲੌਟ) ਬਣਨ ਦੀ ਸਮੱਸਿਆ ਹੋ ਸਕਦੀ ਹੈ। ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ 10 ਲੱਖ ਵਿੱਚੋਂ 7-10 ਲੋਕਾਂ ਵਿਚ ਆ ਸਕਦੀ ਹੈ ਤੇ ਸਾਰਿਆਂ ਨੂੰ ਡਰਨ ਦੀ ਲੋੜ ਨਹੀਂ। ਇਸ ਦੇ ਬਾਵਜੂਦ ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਲੋਕਾਂ ਨੇ ਬਿਨਾਂ ਡਾਕਟਰੀ ਸਲਾਹ ਦੇ ਖੂਨ ਪਤਲਾ ਕਰਨ ਵਾਲੀਆਂ ਦਵਾਈਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਲੱਡ ਥਿਨਰ (ਖੂਨ ਪਤਲਾ ਕਰਨ ਵਾਲੀਆਂ ਦਵਾਈਆਂ) ਆਮ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਖੂਨ ਕਾਫੀ ਗਾੜ੍ਹਾ ਹੁੰਦਾ ਹੈ ਤੇ ਕਲੌਟ ਬਣਨ ਕਾਰਨ ਹਾਰਟ ਅਟੈਕ ਜਾਂ ਸਟ੍ਰੋਕ ਦਾ ਡਰ ਰਹਿੰਦਾ ਹੈ। ਇਹ ਦਵਾਈਆਂ ਕਲੌਟ ਬਣਨ ਦੀ ਪ੍ਰਕਿਰਿਆ ਨੂੰ ਸੁਸਤ ਕਰਦੀਆਂ ਹਨ, ਪਰ ਬਿਨਾਂ ਡਾਕਟਰੀ ਸਲਾਹ ਦੇ ਅਜਿਹੀਆਂ ਦਵਾਈਆਂ ਲੈਣੀਆਂ ਮੁਸੀਬਤ ਵੀ ਬਣ ਸਕਦੀਆਂ ਹਨ। ਐਸਟ੍ਰਾਜੇਨੇਕਾ ਨੇ ਮੰਨਿਆ ਸੀ ਕਿ ਟੀਕੇ ਲੁਆਉਣ ਵਾਲੇ ਕੁਝ ਲੋਕਾਂ ਨੂੰ ਥ੍ਰੋਮਬੋਸਿਸ ਵਿਦ ਥ੍ਰੋਮਬੋਸਾਈਟੋਪੇਨੀਆ ਸਿੰਡਰੋਮ (ਟੀ ਟੀ ਐੱਸ) ਹੋਣ ਦਾ ਰਿਸਕ ਹੋ ਸਕਦਾ ਹੈ। ਡਾਕਟਰ 'ਥ੍ਰੋਮਬੋਸਿਸ' ਸ਼ਬਦ ਦੀ ਵਰਤੋਂ ਖੂਨ ਦੇ ਥੱਕੇ ਬਣਨ ਦੀ ਸਮੱਸਿਆ ਦੇ ਰੂਪ ਵਿਚ ਕਰਦੇ ਹਨ। ਇਸ ਨਾਲ ਖੂਨ ਦੇ ਵਹਾਅ ਵਿਚ ਰੁਕਾਵਟ ਪੈਦਾ ਹੁੰਦੀ ਹੈ। ਥ੍ਰੋਮਬੋਸਾਈਟੋਪੇਨੀਆ ਉਦੋਂ ਹੁੰਦਾ ਹੈ, ਜਦੋਂ ਕਿਸੇ ਵਿਅਕਤੀ ਵਿਚ ਪਲੇਟਲੈੱਟ ਘਟ ਜਾਂਦੇ ਹਨ, ਜਿਹੜੇ ਕਿ ਬਿਮਾਰੀ ਖਿਲਾਫ ਲੜਨ ਵਿਚ ਮਦਦ ਕਰਦੇ ਹਨ। ਇਸ ਤਰ੍ਹਾਂ ਦੇ ਖਤਰਿਆਂ ਤੋਂ ਬਚਣ ਲਈ ਕਈ ਲੋਕ ਬਿਨਾਂ ਡਾਕਟਰੀ ਸਲਾਹ ਦੇ ਬਲੱਡ ਥਿਨਰ ਲੈਣ ਲੱਗ ਪਏ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਖੂਨ ਪਤਲਾ ਕਰਨ ਵਾਲੀਆਂ ਦਵਾਈਆਂ ਕਾਰਨ ਨੱਕ ਤੇ ਮਸੂੜ੍ਹਿਆਂ ਵਿੱਚੋਂ ਖੂਨ ਆਉਣ ਤੇ ਥੋੜ੍ਹਾ ਜਿਹਾ ਕੱਟ ਲੱਗਣ ਨਾਲ ਬਹੁਤ ਜ਼ਿਆਦਾ ਖੂਨ ਵਹਿ ਜਾਣ ਵਰਗੀਆਂ ਦਿੱਕਤਾਂ ਆਉਂਦੀਆਂ ਹਨ। ਚੱਕਰ ਆਉਣ, ਮਾਸਪੇਸ਼ੀਆਂ ਵਿਚ ਕਮਜ਼ੋਰੀ, ਵਾਲ ਝੜਨ ਦਾ ਖਤਰਾ ਵੀ ਹੋ ਸਕਦਾ ਹੈ।

ਹਰ ਦਵਾਈ ਦਾ ਕੋਈ ਨਾ ਕੋਈ ਸਾਈਡ ਇਫੈਕਟ ਹੋ ਸਕਦਾ ਹੈ, ਪਰ ਉਸ ਦਾ ਇਲਾਜ ਖੁਦ ਹੀ ਕਰਨਾ ਠੀਕ ਨਹੀਂ। ਬਿਨਾਂ ਡਾਕਟਰੀ ਸਲਾਹ ਦੇ ਦਵਾਈਆਂ ਖਾਣੀਆਂ ਸ਼ੁਰੂ ਕਰ ਦੇਣਾ ਮਹਿੰਗਾ ਪੈ ਸਕਦਾ ਹੈ। ਸਿਹਤ ਮਾਹਰ ਵੀ ਸਪੱਸ਼ਟ ਕਰ ਚੁੱਕੇ ਹਨ ਕਿ ਮਾੜੇ ਪ੍ਰਭਾਵ ਆਮ ਕਰਕੇ ਕੁਝ ਘੰਟਿਆਂ ਤੇ ਦਿਨਾਂ ਵਿਚ ਦਿਸਣ ਲਗਦੇ ਹਨ। ਬਹੁਤੇ ਲੋਕਾਂ ਨੂੰ ਟੀਕਾ ਲੁਆਏ ਦੋ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਇਸ ਕਰਕੇ ਵੀ ਹੁਣ ਬਹੁਤਾ ਘਬਰਾਉਣ ਦੀ ਲੋੜ ਨਹੀਂ।

ਰੁੱਤ ਅਨੋਖੀ ਆਈ !

ਮਿਲੇ ਟਿਕਟ ਤਾਂ ਕਹਿਣ ਮਾਂ ਪਾਰਟੀ ਏ,
ਨਹੀਂ 'ਕੁੱਛੜ' ਵਿੱਚ ਕਿਸੇ ਦੇ ਹੋਰ ਹੁੰਦੇ।
ਸਿਰਫ ਗੱਦੀ ਦੇ ਨਾਲ ਹੀ ਪ੍ਰੀਤ ਸਮਝੋ,
ਕੁਰਸੀ 'ਚੰਦ' ਤੇ ਲੀਡਰ 'ਚਕੋਰ' ਹੁੰਦੇ।
ਹਾਈ-ਕਮਾਡਾਂ ਵੀ ਦੇਖ ਕੇ ਦੰਗ ਹੋਈਆਂ,
ਧੋਖਾ ਦੇਣ ਜਿਉਂ 'ਚੋਰਾਂ 'ਤੇ ਮੋਰ' ਹੁੰਦੇ।
ਇਧਰੋਂ ਓਧਰ ਨੂੰ ਜਾਣ ਬੇਸ਼ਰਮ ਹੋ ਕੇ,
ਖੁੱਲ੍ਹੇ ਇਨ੍ਹਾਂ ਲਈ ਦਲਾਂ ਦੇ 'ਡੋਰ' ਹੁੰਦੇ।
ਲੋਕੀਂ ਸੋਚਦੇ ਕਰੀਏ ਯਕੀਨ ਕਿਸ 'ਤੇ,
ਕੀ ਬੁੱਝੀਏ ਸਿਆਸਤਾਂ ਗੰਧਲੀਆਂ ਦੀ।
ਗਰਮੀ ਸਿਆਲ, ਬਰਸਾਤ ਤਾਂ ਦੇਖਦੇ ਹਾਂ,
ਰੁੱਤ ਆਈ ਏ ਯਾਰੋ ਦਲਬਦਲੀਆਂ ਦੀ!

-ਤਰਲੋਚਨ ਸਿੰਘ ਦੁਪਾਲਪੁਰ, 78146-92724

ਗਰੀਬੀ-ਅਮੀਰੀ ਦਾ ਵਧਦਾ ਫਾਸਲਾ ਤੇ ਭਾਰਤ ਦਾ ਸਥਾਨ

ਸੰਤੋਸ਼ ਮਹਿਰੋਤਰਾ , ਰਾਕੇਸ਼ ਰੰਜਨ ਕੁਮਾਰ
ਅਨੁਵਾਦ - ਪੁਸ਼ਪਿੰਦਰ

ਮਾਰਚ ਮਹੀਨੇ ਇਕ ਆਲਮੀ ਖੋਜ ਕੇਂਦਰ , ਵਰਲਡ ਇਕਵੇਲੇਟੀ ਲੈਬ ਨੇ ਇੱਕ ਖੋਜ ਪੱਤਰ ਜਾਰੀ ਕੀਤਾ ਸੀ , ਸਿਰਲੇਖ ਸੀ -1922 ਤੋਂ 2023 ਦੇ ਦਰਮਿਆਨ ਭਾਰਤ ਵਿਚ ਆਮਦਨ ਤੇ ਦੌਲਤ ਦੀ ਨਾ-ਬਰਾਬਰੀ ਵਿਚ ਕਰੋੜਪਤੀਆਂ ਦੇ ਰਾਜ਼, ਦੇ ਲੇਖਕ ਸਨ ਨਿਤਿਨ ਭਾਰਤੀ, ਲੁਕਾਸ ਚੌਂਸਲ , ਥਾਮਸ ਪਿਕਟੀ ਅਤੇ ਅਨਮੋਲ ਸੋਮਾਂਚੀ ਵਰਗੇ ਅਰਥ ਸ਼ਾਸਤਰੀ, ਜਿਨ੍ਹਾਂ ਬਹੁਤ ਸਾਰੇ ਅੰਕੜਿਆਂ, ਸਰਵੇਖਣਾਂ ਦਾ ਜ਼ਾਇਜ਼ਾ ਲਿਆ ਤੇ ਇਸ ਨਤੀਜ਼ੇ ਦੇ ਪੁਹੰਚੇ ।

ਆਮਦਨ ਅਤੇ ਦੌਲਤ ਦੀ ਨਾ-ਬਰਾਬਰੀ

ਪਹਿਲਾਂ ਆਪਾਂ ਲੋਕਾਂ ਦੀ ਆਮਦਨ ਦੀ ਨਾ-ਬਰਾਬਰੀ ਦੀ ਗੱਲ ਕਰਦੇ ਹਾਂ। ਇਸ ਖੋਜ਼ ਪੱਤਰ ਦੇ ਅਨੁਸਾਰ 2022-23 ਦੇ ਦੌਰਾਨ ਦੇਸ਼ ਦੀ ਕੁਲ ਆਮਦਨ ਦਾ 22.6 ਉਪਰਲੇ ਕੇਵਲ 1 ਫੀਸਦੀ ਲੋਕਾਂ ਕੋਲ ਚਲੀ ਗਈ ਸੀ। ਇਹ ਦਰ ਗੁਜ਼ਰੇ 100 ਸਾਲਾਂ ਵਿਚ ਸਭ ਤੋਂ ਜ਼ਿਆਦਾ ਹੈ ਅਤੇ ਉਪਰਲੇ ਕੇਵਲ 0.1 ਫੀਸਦੀ ਲੋਕ ਕੁਲ ਆਮਦਨ ਦੇ 10 ਫੀਸਦੀ 'ਤੇ ਕਾਬਜ਼ ਹੋ ਗਏ ਸਨ।

ਕੌਮੀ ਆਮਦਨ ਵਿਚ ਉਪਰਲੇ

1 ਫੀਸਦੀ ਦੀ ਇਹ ਹਿੱਸੇਦਾਰੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਹੈ । 2022-23 ਦੇ ਦੌਰਾਨ ਇਨ੍ਹਾਂ ਦੀ ਦੌਲਤ ਦੀ ਹਿੱਸੇਦਾਰੀ 40.1 ਸੀ ਫੀਸਦੀ 1961 ਤੋਂ ਬਾਦ ਦੀ ਇਹ ਸਭ ਤੋਂ ਜਿਆਦਾ ਦਰ ਹੈ। ਉਪਰਲੇ 10 ਫੀਸਦੀ ਦੀ ਦੌਲਤ ਵਿਚ ਹਿੱਸੇਦਾਰੀ ਦਾ ਪ੍ਰਤੀਸ਼ਤ 1961 ਦੇ 44 ਤੋਂ ਵਧ ਕੇ 2022-23 ਵਿਚ 64 ਫੀਸਦੀ ਹੋ ਗਿਆ। ਇਸ ਦੇ ਉਲਟ ਹੇਠਲੇ ਅੱਧ ਅਤੇ ਵਿਚਕਾਰਲੇ 40 ਫੀਸਦੀ ਦੀ ਦੌਲਤ ਵਿਚ ਕਮੀ ਆ ਗਈ। ਸੰਖੇਪ ਵਿਚ ਅਮੀਰ ਹੋਰ ਅਮੀਰ ਹੋ ਗਿਆ ਤੇ ਗਰੀਬ ਹੋਰ ਗਰੀਬ । ਰਿਪੋਰਟ ਦੇ ਮਤਾਬਕ 920 ਲੱਖ ਭਾਰਤੀ ਵਡੇਰੀ ਉਮਰ ਦੇ , ਬਾਲਗ ਲੋਕਾਂ ਵਿਚੋਂ 10000 ਵਿਅਕਤੀਆਂ ਵਿਚੋਂ ਹਰ ਇੱਕ ਕੋਲ ਔਸਤਨ 22.6 ਅਰਬ ਰੁਪਏ ਦੀ ਸੰਪਤੀ ਹੈ ਅਤੇ ਇਹ ਭਾਰਤ ਦੇ ਇੱਕ ਵਿਅਕਤੀ ਦੀ ਔਸਤ ਦਾ 16,763 ਗੁਣਾਂ ਬਣਦਾ ਹੈ ।' ਭਾਰਤ ਵਿਚ ਦੌਲਤ ਜਾਂ ਸੰਪਤੀ ਦੀ ਮਾਲਕੀ ਵਿਚਲੀ ਨਾ-ਬਰਾਬਰੀ ਬਰਾਜ਼ੀਲ ਅਤੇ ਦੱਖਣੀ ਅਫਰੀਕਾ ਨਾਲੋਂ ਘੱਟ ਹੈ, ਜਿਥੇ ਵਸੋਂ ਦੇ ਉਪਰਲੇ 10 ਫੀਸਦੀ ਕੋਲ ਕੌਮੀ ਸੰਪਤੀ ਦਾ ਕਰਮਵਾਰ 84.6 ਤੇ 79.7 ਫੀਸਦੀ ਹਿੱਸਾ ਹੈ, ਪਰ ਭਾਰਤ ਵਿਚ ਦੌਲਤ ਦਾ ਕੇਂਦਰੀਕਰਨ ਸਾਲ 1961 ਤੇ 2023 ਦਰਮਿਆਨ ਤਿੰਨ ਗੁਣਾ ਵਧਿਆ ਹੈ। ਦੂਸਰੀ ਗੱਲ ਇਹ ਹੈ ਕਿ ਜਦ ਭਾਰਤ ਵਿਚ ਆਮਦਨ ਦੀ ਨਾ-ਬਰਾਬਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ , ਇਸ ਕਾਰਨ ਸੰਪਤੀ ਵਿਚ ਨਾ-ਬਰਾਬਰੀ ਆਪਣੇ-ਆਪ ਵਧਣ ਲੱਗਦੀ ਹੈ ।

ਇਸ ਰਿਪੋਰਟ ਦਾ ਕਹਿਣਾ ਹੈ ਕਿ 2014 ਤੇ 2023 ਦੇ ਦਰਮਿਆਨ ਸਿਖਰਲੇ ਪੱਧਰ ਦੀ ਨਾ-ਬਰਾਬਰੀ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ ਹੈ। ਇਸ ਦਾ ਕਹਿਣਾ ਹੈ ਕਿ ਅਧੁਨਿਕ ਅਫਸਰਸ਼ਾਹੀ ਦੀ ਅਗਵਾਈ ਵਾਲੇ ਅਰਬ-ਪਤੀਆਂ ਦੇ ਰਾਜ ਵਿਚ ਨਾ-ਬਰਾਬਰੀ ਬਸਤੀਵਾਦੀ ਤਾਕਤਾਂ ਦੀ ਅਗਵਾਈ ਵਾਲੇ ਬਰਤਾਨਵੀ ਰਾਜ ਨਾਲੋਂ ਜਿਆਦ ਹੈ ਨਾ-ਬਰਾਬਰੀ ਕਾਰਨ ਵਿਕਾਸ ਅਤੇ ਗਰੀਬੀ ਹਟਾਉਣ ਦੇ ਕਾਰਜ਼ਾਂ ਵਿਚ ਕਮੀ ਆਉਂਦੀ ਹੈ । 1960 ਤੋਂ 1980 ਦੇ ਦਰਮਿਆਨ ਨਾ-ਬਰਾਬਰੀ ਘੱਟ ਰਹੀ ਸੀ। ਵਿਕਾਸ ਦੇ ਉਦੇਸ਼ਾਂ ਅਤੇ ਅਤੇ ਆਰਥਿਕ ਨੀਤੀਆਂ ਦੇ ਕਾਰਨ ਇਹ ਸੰਭਵ ਹੋਇਆ ਸੀ, ਪਰ 1980ਵਿਆਂ ਤੋਂ ਸ਼ੁਰੂ ਹੋਏ ਆਰਥਿਕ - ਉਦਾਰਵਾਦ ਦੇ ਕਾਰਨ ਨਾ-ਬਰਾਬਰੀ ਵਧਣੀ ਸ਼ੁਰੂ ਹੋ ਗਈ ਅਤੇ 1991ਦੇ ਆਰਥਕ ਸੁਧਾਰਾਂ ਨੇ ਇਸ ਦੀ ਗਤੀ ਨੂੰ ਹੋਰ ਤੇਜ਼ ਕਰ ਦਿੱਤਾ। ਆਮਦਨ ਅਤੇ ਸੰਪਤੀ ਵਿਚਲੀਆਂ ਨਾ-ਬਰਾਬਰੀ ਦਾ ਆਰਥਿਕ ਪ੍ਰਗਤੀ ਅਤੇ ਮਾਨਵੀ ਵਿਕਾਸ ਦੀਆਂ ਕਿਰਿਆਵਾਂ ਨਾਲ ਗੂੜ੍ਹਾ ਸਬੰਧ ਹੈ । 1976 ਦੇ ਸਾਲ ਤੱਕ ਭਾਰਤ ਦੀ ਔਸਤ ਕੌਮੀ ਆਮਦਨ (ਮੁਦਰਾ ਸਫੀਤੀ ਤੇ ਮੁਦਰਾ ਖਰੀਦ ਸ਼ਕਤੀ ਦੇ ਮਾਪ-ਦੰਡਾਂ ਨੂੰ ਸੰਤੁਲਤ ਕਰਨ ਬਾਅਦ) ਚੀਨ ਅਤੇ ਵੀਅਤਨਾਮ ਦੀ ਆਮਦਨ ਦੇ ਲਗਭਗ ਬਰਾਬਰ ਸੀ। ਅਗਲੀ ਚੌਥਾਈ ਸਦੀ ਦੇ ਦੌਰਾਨ ਇਨ੍ਹਾਂ ਦੇਸ਼ਾਂ ਵਿਚ ਆਮਦਨ ਦਾ ਵਾਧਾ ਭਾਰਤ ਦੀ ਬਨਿਸਬਤ ਪੌਂਤੀ ਤੋਂ ਪੰਜਾਹ ਫੀਸਦੀ ਜਿਆਦਾ ਸੀ। ਸਾਲ 2000 ਤੋਂ ਬਾਅਦ ਤਾਂ ਚੀਨ ਦੀ ਕੌਮੀ ਆਮਦਨ ਵਿਚ ਹੈਰਾਨੀਜਨਕ ਵਾਧਾ ਹੁੰਦਾ ਹੈ ਅਤੇ ਇਸ ਦੀ ਆਮਦਨ ਭਾਰਤ ਦੀ ਆਮਦਨ ਤੋਂ ਢਾਈ ਗੁਣਾ ਹੋ ਜਾਂਦੀ ਹੈ, ਪਰ ਇੱਕ ਨੁਕਤਾ ਇਹ ਵੀ ਹੈ ਕਿ ਚੀਨ ਦੇ ਆਰਥਿਕ ਵਿਕਾਸ ਦਾ ਦਾਇਰਾ ਭਾਰਤ ਦੇ ਮੁਕਾਬਲੇ ਬਹੁਤ ਵਿਸ਼ਾਲ ਸੀ । ਉਦਾਹਰਣ ਦੇ ਲਈ ਸਾਲ 2022 ਵਿਚ ਭਾਰਤ ਦੇ ਉਪਰਲੇ 1 ਫੀਸਦੀ ਲੋਕਾਂ ਕੋਲ ਚੀਨ ਦੇ ਇਸ ਦੇ ਬਰਾਬਰ ਲੋਕਾਂ ਦੇ ਮੁਕਾਬਲੇ ਤਕਰੀਬਨ ਪੰਜਾਹ ਫੀਸਦੀ ਜ਼ਿਆਦਾ ਦੌਲਤ ਸੀ। ਚੀਨ ਦੀ ਆਰਥਿਕਤਾ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਤੇਜ਼ੀ ਨਾਲ ਵਿਕਾਸ ਕਰਦੀ ਰਹੀ ਹੈ, ਪਰ ਨਾਲ ਹੀ ਲੋਕਾਂ ਵਿਚ ਆਮਦਨ ਨਾ-ਬਰਾਬਰੀ ਦੀ ਦਰ ਦਾ ਵਾਧਾ ਦਰਮਿਆਨਾ ਰਿਹਾ ਹੈ, ਪਰ ਇਸ ਦੇ ਉਲਟ ਭਾਰਤ ਵਿਚ ਆਰਥਕ ਵਿਕਾਸ ਦੀ ਦਰ ਤਾਂ ਦਰਮਿਆਨੀ ਹੀ ਰਹੀ ਹੈ, ਪਰ ਆਮਦਨ ਨਾ-ਬਰਾਬਰੀ ਦੀ ਦਰ ਦਾ ਵਾਧਾ ਬੇਤਹਾਸ਼ਾ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ ਇੱਕ ਗਰੀਬ ਤੇ ਅੱਤ ਦੀ ਆਰਥਕ ਨਾ-ਬਰਾਬਰੀ ਵਾਲਾ ਦੇਸ਼ ਹੈ। ਇਥੇ ਅਸੀਂ ਇਸ ਵਿਚਾਰ ਤੇ ਜ਼ੋਰ ਦੇਣਾ ਚਾਹਾਂਗੇ ਕਿ ਤੇਜ਼ ਗਤੀ ਵਾਲਾ ਆਰਥਿਕ ਵਿਕਾਸ ਅਤੇ ਆਰਥਿਕ ਨਾ-ਬਰਾਬਰੀ ਨੂੰ ਘੱਟ ਕਰਨ ਦੇ ਉਦੇਸ਼ ਮਾਨਵੀ ਵਿਕਾਸ ਅਤੇ ਗਰੀਬੀ ਵਿਚ ਸੁਧਾਰ ਕਰਕੇ ਹੀ ਪੂਰੇ ਕੀਤੇ ਜਾ ਸਕਦੇ ਹਨ । ਇਹੀ ਕੁਝ ਹੈ ਜੋ ਚੀਨ ਅਤੇ ਵੀਅਤਨਾਮ ਨੇ ਪ੍ਰਾਪਤ ਕੀਤਾ ਹੈ । ਇਸ ਤੋਂ ਇਲਾਵਾ ਜੇ ਅਸੀਂ ਲੰਮੇ ਸਮੇਂ ਤਕ ਆਰਥਿਕ ਵਿਕਾਸ ਦੀ ਗਤੀ ਨੂੰ ਕਾਇਮ ਰਖਣਾ ਚਾਹੁੰਦੇ ਹਾਂ ਤਾਂ ਆਰਥਿਕ ਵਿਕਾਸ ਤੋਂ ਪਹਿਲਾਂ ਹੀ ਲੋਕਾਂ ਦੀਆਂ ਜੀਵਣ ਹਾਲਤਾਂ ਵਿਚ ਸੁਧਾਰ ਜ਼ਰੂਰੀ ਹੈ । ਕੌਮੀ ਪੱਧਰ 'ਤੇ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਪ੍ਰਾਂਤਾਂ ਨੇ ਤੇਜ਼ ਆਰਥਿਕ ਵਿਕਾਸ ਦਰ (ਤਕਰੀਬਨ 7 ਦੀ ਕੁਲ ਸਟੇਟ ਘਰੇਲੂ ਉਤਪਾਦਨ ਦਰ) ਨੂੰ ਲਗਾਤਾਰ ਕਾਇਮ ਰਖਿਆ ਹੈ, ਉਥੇ ਮਨੁੱਖੀ ਜੀਵਨ ਦੀਆਂ ਹਾਲਤਾਂ ਬੇਹਤਰ ਹਨ। ਇਹ ਹਨ : ਦੱਖਣ ਵਿਚ ਕੇਰਲਾ, ਤਾਮਿਲਨਾਡੂ, ਆਂਧਰਾ, ਕਰਨਾਟਕਾ, ਪੱਛਮ ਵਿਚ ਮਹਾਰਾਸ਼ਟਰ, ਗੁਜਰਾਤ ਅਤੇ ਉੱਤਰ ਦੇ ਸੂਬੇ ਪੰਜਾਬ ਤੇ ਦਿੱਲੀ । ਸੂਬੇ ਜਿਹੜੇ ਕਿ ਮਾਨਵੀ ਵਿਕਾਸ ਦੇ ਸੂਚਕ ਅੰਕ ਵਿਚ ਪਛੜੇ ਹੋਏ ਹਨ, ਜਿਵੇਂ ਕਿ ਬਿਹਾਰ, ਛਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼ , ਉੜੀਸਾ, ਉੱਤਰ ਪ੍ਰਦੇਸ਼, ਰਾਜਸਥਾਨ, ਇਨ੍ਹਾਂ ਸੂਬਿਆਂ ਵਿਚ ਆਰਥਿਕ ਵਿਕਾਸ ਦਰ ਆਰਥਿਕ ਉਦਾਰਵਾਦ ਤੋਂ ਬਾਅਦ ਵੀ ਪੰਜ ਪ੍ਰਤੀਸ਼ਤ ਤੋਂ ਘਟ ਰਹੀ ਹੈ ।

ਮਾਨਵੀ ਵਿਕਾਸ

2023-24 ਦੀ ਮਾਨਵੀ ਵਿਕਾਸ ਰਿਪੋਰਟ (ਐੱਚ ਡੀ ਆਰ) ਵਿਚ ਕੁਲ 193 ਦੇਸ਼ਾਂ ਵਿਚੋਂ ਭਾਰਤ ਦਾ ਸਥਾਨ 134ਵਾਂ ਹੈ । ਭਾਰਤ ਇਸ ਵਕਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਹੈ, ਪਰ ਇਹ ਅਜੇ ਵੀ ਮਾਨਵੀ ਵਿਕਾਸ ਪੱਖੋਂ ਸ੍ਰੀਲੰਕਾ, ਭੂਟਾਨ ਤੇ ਬੰਗਲਾਦੇਸ਼ ਤੋਂ ਪਛੜਿਆ ਹੋਇਆ ਹੈ । ਇਸ ਦੇ ਆਰਥਿਕ ਵਿਕਾਸ ਨੇ ਅਜੇ ਤੱਕ ਮਾਨਵੀ ਜੀਵਨ ਪੱਧਰ ਵਿਚ ਸੁਧਾਰ ਨਹੀਂ ਕੀਤਾ । ਸਥਿਤੀ ਅਜਿਹੀ ਨਹੀਂ ਹੋਣੀ ਚਾਹੀਦੀ ਕਿ ਗਰੀਬ ਜਨਤਾ ਉਪਰ ਹੋ ਰਹੇ ਆਰਥਕ ਵਿਕਾਸ ਦੇ ਫਾਇਦਿਆਂ ਦਾ ਇੰਤਜ਼ਾਰ ਕਰਦੇ ਰਹਿਣ। ਸਰਬਪੱਖੀ ਵਿਕਾਸ ਦੀ ਪ੍ਰਕਿਰਿਆ ਵਿਚ ਪ੍ਰਮਾਥਮਿਕਤਾ ਮਾਨਵੀ ਵਿਕਾਸ ਨੂੰ ਮਿਲਣੀ ਚਾਹੀਦੀ ਹੈ । ਜੀਵਨ ਦੀਆਂ ਹਾਲਤਾਂ ਦੇ ਵਿਕਾਸ, ਹੁਨਰਮੰਦ ਕਾਮਿਆਂ ਦੀ ਸਿਖਲਾਈ , ਗਰੀਬੀ ਦੀਆਂ ਪ੍ਰਸਥਿਤੀਆਂ ਨੂੰ ਖਤਮ ਕਰਨ ਤੋਂ ਬਿਨਾਂ ਆਰਥਕ ਵਿਕਾਸ ਦਾ ਅਮਲ ਅਧੂਰਾ ਹੈ । ਇਸ ਕਾਰਨ ਆਮਦਨ ਨਾ-ਬਰਾਬਰੀ ਵਿਚ ਵਾਧਾ ਜਾਂ ਅਮੀਰਾਂ-ਗਰੀਬਾਂ ਵਿਚਲਾ ਪਾੜਾ ਹੋਰ ਗਹਿਰਾ ਹੁੰਦਾ ਜਾਵੇਗਾ । ਇਸ ਲਈ ਨੀਤੀ ਘਾੜਿਆਂ ਦੇ ਉਦੇਸ਼ਾਂ ਦੀ ਪੌੜੀ ਵਿਚ ਆਰਥਿਕ ਵਿਕਾਸ ਦਾ ਸਥਾਨ ਮਾਨਵੀ ਵਿਕਾਸ ਦੇ ਉਦੇਸ਼ ਤੋਂ ਉਪਰ ਨਹੀਂ ਹੋਣਾ ਚਾਹੀਦਾ । 2023-24 ਦੀ ਐੱਚ ਡੀ ਰਿਪੋਰਟ ਵਿਚ ਆਰਥਿਕ ਨਾ-ਬਰਾਬਰੀ ਦੀ ਲਿਸਟ ਵਿਚ ਭਾਰਤ ਦਾ ਸਥਾਨ ਨੀਵਾਂ ਆ ਗਿਆ ਹੈ । ਆਰਥਿਕ ਨਾ-ਬਰਾਬਰੀ ਦੀ ਸਥਿਤੀ ਅਜਿਹੀ ਨਹੀਂ ਹੈ ਕਿ ਇਹ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਨਾਲ ਬਦਲੀ ਜਾ ਸਕੇ, ਜਿਹੜੀ ਕਿ 81.34 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇ ਰਹੀ ਹੈ । ਰੋਜ਼ਗਾਰ ਦੀ ਥਾਂ ਮਹਿਜ਼ ਰਿਓੜੀਆਂ ਵਰਤਾ ਕੇ ਸਥਿਰ ਤੇ ਸਰਬ-ਵਿਆਪਕ ਵਿਕਾਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ ।

ਰੋਜ਼ਾਨਾ 'ਦਾ ਹਿੰਦੂ' ਤੋਂ ਧੰਨਵਾਦ ਸਹਿਤ
 # ਸੰਪਰਕ : 94632-32402

ਲੋਕਤੰਤਰ ਨੂੰ ਢਾਹ ਲਾ ਰਹੀ ਮੌਕਾਪ੍ਰਸਤ ਰਾਜਨੀਤੀ

ਹਰਪ੍ਰੀਤ ਸਿੰਘ ਬਰਾੜ

ਦੇਸ਼ 'ਚ ਪਿਛਲੇ ਕਾਫੀ ਲੰਮੇ ਸਮੇਂ ਤੋਂ ਚੋਣ ਸੁਧਾਰਾਂ 'ਤੇ ਚਰਚਾ ਚੱਲਦੀ ਆ ਰਹੀ ਹੇ, ਪਰ ਚਰਚਾ ਇਸ ਗੱਲ 'ਤੇ ਵੀ ਹੋਣੀ ਚਾਹੀਦੀ ਹੈ ਕਿ ਦਲ ਬਦਲੀ ਦਾ ਵਧਦਾ ਰੁਝਾਨ ਕਿਵੇਂ ਰੋਕਿਆ ਜਾਵੇ। ਸਿਆਸਤ ਅਤੇ ਸਿਆਸਤਦਾਨਾਂ 'ਚ ਨੀਤੀਆਂ ਅਤੇ ਸਿਧਾਂਤ ਚਰਚਾ ਦਾ ਮੁੱਖ ਵਿਸ਼ਾ ਹੋਣੇ ਚਾਹੀਦੇ ਹਨ, ਪਰ ਅਜਿਹਾ ਨਾ ਹੋਣਾ ਲੋਕਤੰਤਰ ਦੀ ਇਕ ਬਹੁਤ ਵੱਡੀ ਖਾਮੀ ਹੈ। ਭਾਰਤ ਦੀ ਸਿਆਸਤ 'ਚ ਦਲ-ਬਦਲਣ ਦੀ ਕੁਰੀਤ

ਪੀ ਏ ਯੂ ਪੈਨਸ਼ਨਰਜ਼ ਐਂਡ ਰਿਟਾਇਰੀਜ਼ ਵੱਲੋਂ ਮੰਗਾਂ ਦੇ ਹੱਕ 'ਚ ਧਰਨਾ

ਮਸਲਿਆਂ ਦਾ ਹੱਲ ਨਾ ਕੀਤਾ ਤਾਂ 16 ਨੂੰ ਫਿਰ ਧਰਨਾ ਦੇਵਾਂਗੇ : ਡੀ. ਪੀ. ਮੌੜ

ਲੁਧਿਆਣਾ (ਐੱਮ ਐੱਸ ਭਾਟੀਆ)-ਪੀਏਯੂ ਪੈਨਸ਼ਨਰਜ਼ ਐਂਡ ਰਿਟਾਇਰਜ਼ ਵੈੱਲਫੇਅਰ ਐਸੋਸੀਏਸ਼ਨ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਅੱਜ ਥਾਪਰ ਹਾਲ ਸਾਹਮਣੇ ਧਰਨਾ ਦਿੱਤਾ ਤੇ ਮਾਰਚ ਕਰਕੇ ਵਾਈਸ ਚਾਂਸਲਰ ਦੇ ਦਫਤਰ ਤੱਕ ਗਏ, ਜਿੱਥੇ ਉਨ੍ਹਾਂ ਨੇ ਰੈਲੀ ਕੀਤੀ। ਐਸੋਸੀਏਸ਼ਨ ਦੇ ਪ੍ਰਧਾਨ ਕਾਮਰੇਡ ਡੀ ਪੀ ਮੌੜ ਨੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੀਏਯੂ ਨੂੰ ਲੋੜੀਂਦੇ ਫੰਡ ਨਾ ਦੇਣਾ ਯੂਨੀਵਰਸਿਟੀ ਨੂੰ ਫੇਲ੍ਹ ਕਰਨ ਦੀਆਂ ਗੁੱਝੀਆਂ ਸਾਜ਼ਿਸ਼ਾਂ ਹਨ। ਯੂਨੀਵਰਸਿਟੀ ਦੇ ਫੰਡ ਦਾ ਭੁਗਤਾਨ ਸਿੱਧਾ ਸਟੇਟ ਬੈਂਕ ਆਫ ਇੰਡੀਆ ਨੂੰ ਕੀਤਾ ਜਾਣਾ ਚਾਹੀਦਾ, ਜਦੋਂ ਕਿ ਇਹ ਫੰਡ ਪਹਿਲਾਂ ਐੱਚ ਡੀ ਐੱਫ ਸੀ ਬੈਂਕ ਕੋਲ ਆਉਂਦਾ ਹੈ ਅਤੇ ਫਿਰ ਉਹ ਸਟੇਟ ਬੈਂਕ ਆਫ ਇੰਡੀਆ ਨੂੰ ਭੇਜਦਾ ਹੈ, ਅਜਿਹਾ ਕਿਉਂ ਹੋ ਰਿਹਾ ਹੈ? ਉਨ੍ਹਾਂ ਦੋਸ਼ ਲਾਇਆ ਕਿ ਇਹ ਪੰਜਾਬ ਸਰਕਾਰ ਦੀਆਂ ਨਿੱਜੀਕਰਨ ਨੂੰ ਉਤਸ਼ਾਹਤ ਕਰਨ ਦੀਆਂ ਨੀਤੀਆਂ ਦਾ ਹਿੱਸਾ ਹੈ, ਜਦੋਂ ਕਿ ਪਹਿਲਾਂ ਸਿੱਧੇ ਐੱਸ ਬੀ ਆਈ ਨੂੰ ਫੰਡ ਭੇਜੇ ਜਾਂਦੇ ਸਨ।

ਉਨ੍ਹਾਂ ਕਿਹਾ ਕਿ ਪੈਨਸ਼ਨਰ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਪੀਏਯੂ ਅਧਿਕਾਰੀਆਂ ਤੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਵਿੱਚ ਜਨਵਰੀ 2016 ਤੋਂ ਜੂਨ 2021 ਦਰਮਿਆਨ ਸੇਵਾਮੁਕਤ ਹੋਏ ਵਿਅਕਤੀਆਂ ਨੂੰ ਸੋਧੀਆਂ ਦਰਾਂ 'ਤੇ ਲੀਵ ਇਨਕੈਸ਼ਮੈਂਟ ਤੇ ਗ੍ਰੈਚੁਟੀ ਸ਼ਾਮਲ ਹੈ, ਜਨਵਰੀ 2024 ਦਾ ਐੱਲ ਟੀ ਏ, ਸੀਨੀਅਰ ਤੇ ਜੂਨੀਅਰ ਦੇ ਕੇਸਾਂ ਦਾ ਨਿਪਟਾਰਾ, ਪੰਜਾਬ ਸਰਕਾਰ ਦੇ ਪੈਨਸ਼ਨਰਾਂ ਵਾਂਗ ਮਹੀਨੇ ਦੇ ਪਹਿਲੇ ਦਿਨ ਪੈਨਸ਼ਨ ਯਕੀਨੀ ਬਣਾਏ ਜਾਣਾ, ਮੈਡੀਕਲ ਬਿੱਲਾਂ ਦਾ ਸਮੇਂ ਸਿਰ ਭੁਗਤਾਨ, ਪੈਨਸ਼ਨ ਦਾ ਭੁਗਤਾਨ ਭਾਰਤੀ ਸਟੇਟ ਬੈਂਕ ਵਿੱਚ ਸਿੱਧੇ ਤੌਰ 'ਤੇ ਕੀਤਾ ਜਾਣਾ ਸ਼ਾਮਲ ਹੈ ਅਤੇ ਐੱਚ ਡੀ ਐੱਫ ਸੀ ਬੈਂਕ ਨੂੰ ਇਸ ਪ੍ਰਕਿਰਿਆ ਤੋਂ ਬਾਹਰ ਕੱਢਣਾ ਚਾਹੀਦਾ ਹੈ।

ਧਰਨੇ ਦੀ ਕਾਰਵਾਈ ਦਾ ਸੰਚਾਲਨ ਕਰਦਿਆਂ ਕਾਮਰੇਡ ਜੋਗਿੰਦਰ ਰਾਮ ਨੇ ਕਿਹਾ ਕਿ ਜੇਕਰ ਸਰਕਾਰ ਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਉਪਰੋਕਤ ਮਸਲਿਆਂ ਦਾ ਹੱਲ ਨਾ ਕੀਤਾ ਤਾਂ 16 ਮਈ 2024 ਨੂੰ ਇੱਕ ਹੋਰ ਵੱਡਾ ਧਰਨਾ ਦਿੱਤਾ ਜਾਵੇਗਾ ਤੇ ਵਿਸ਼ਾਲ ਰੈਲੀ ਕੀਤੀ ਜਾਵੇਗੀ।ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕਾਮਰੇਡ ਪਰਮਜੀਤ ਗਿੱਲ, ਜੈਪਾਲ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ ਤੇ ਪ੍ਰੀਤਮ ਸਿੰਘ ਸ਼ਾਮਲ ਸਨ।ਧਰਨੇ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਸਪਤ ਕਲਾ, ਜੈਪਾਲ, ਸ਼ਿਵ ਕੁਮਾਰ, ਦਰਸ਼ਨ ਸਿੰਘ, ਰਾਜਿੰਦਰ ਸਿੰਘ, ਭਰਪੂਰ ਸਿੰਘ, ਰਮੇਸ਼ ਮਸੰਦ ਤੇ ਗੁਲਸ਼ਨ ਰਾਏ ਆਦਿ ਹਾਜ਼ਰ ਸਨ।

ਭੜਕੇ ਫ਼ੀਲਡ ਕਾਮਿਆਂ ਵੱਲੋਂ ਟ੍ਰੈਫਿਕ ਜਾਮ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)-ਕਾਰਜਕਾਰੀ ਇੰਜੀਨੀਅਰ ਭਾਖੜਾ ਮੇਨ ਲਾਇਨ ਮੰਡਲ ਪਟਿਆਲਾ ਦੇ ਦਫਤਰ ਸਾਹਮਣੇ ਲੰਮੇ ਸਮੇਂ ਤੋਂ ਡੈਪੂਟੇਸ਼ਨ ਤੇ ਮੀਟਿੰਗਾਂ ਕਰਨ ਦੇ ਬਾਵਜੂਦ ਮੰਗਾਂ ਦਾ ਹੱਲ ਨਾ ਕਰਨ ਦੇ ਵਿਰੋਧ ਵਿੱਚ ਪੀ.ਡਬਲਿਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜ਼ੋਨ ਪਟਿਆਲਾ ਵੱਲੋਂ ਹਰਬੀਰ ਸਿੰਘ ਸੁਨਾਮ, ਨਾਥ ਸਿੰਘ ਬੁਜਰਕ, ਬਲਵਿੰਦਰ ਮੰਡੋਲੀ, ਕਰਮ ਸਿੰਘ ਨਾਭਾ ਦੀ ਅਗਵਾਈ ਵਿੱਚ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਦਰਸ਼ਨ ਸਿੰਘ ਬੇਲੂਮਾਜਰਾ, ਛੱਜੂ ਰਾਮ, ਗੁਰਦਰਸ਼ਨ ਸਿੰਘ ਖਮਾਣੋਂ ਤੇ ਲਖਵਿੰਦਰ ਸਿੰਘ ਖਾਨਪੁਰ ਨੇ ਕਿਹਾ ਕਿ ਐਕਸੀਅਨ ਬੀ.ਐੱਮ.ਐੱਲ. ਵੱਲੋਂ ਪਿਛਲੇ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ, ਮੁਲਾਜ਼ਮਾਂ ਤੋਂ ਨਿਰਧਾਰਤ ਡਿਊਟੀਆਂ ਤੋਂ ਇਲਾਵਾ ਵਾਧੂ ਡਿਊਟੀਆਂ ਲਈਆਂ ਜਾ ਰਹੀਆਂ ਹਨ।ਕੋਈ ਵੀ ਕਮਾਈ ਛੁੱਟੀ, ਗਜ਼ਟਡ ਛੁੱਟੀ ਨਹੀਂ ਦਿੱਤੀ ਜਾਂਦੀ, ਹਫਤਾਵਾਰੀ ਰੈਸਟਾਂ ਤੱਕ ਵੀ ਜ਼ੁਬਾਨੀ ਹੁਕਮਾਂ ਰਾਹੀਂ ਬੰਦ ਕੀਤੀਆਂ ਜਾਂਦੀਆਂ ਹਨ। ਡਿਊਟੀ ਤੋਂ ਵਾਧੂ ਕੰਮ ਨਾ ਕਰਨ 'ਤੇ ਮੁਲਾਜ਼ਮਾਂ ਨੂੰ ਚਾਰਜਸ਼ੀਟ ਤੇ ਵਿਭਾਗੀ ਕਾਰਵਾਈਆਂ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ।ਕੋਈ ਵੀ ਖਾਲੀ ਪੋਸਟਾਂ ਨਹੀਂ ਭਰੀਆਂ ਜਾ ਰਹੀਆਂ ਤੇ ਨਾ ਹੀ ਕੋਈ ਪ੍ਰਮੋਸ਼ਨਾਂ ਕੀਤੀਆਂ ਜਾ ਰਹੀਆਂ। ਹੈੱਡਾਂ ਤੇ ਕਲੋਨੀਆਂ ਵਿੱਚ ਕੁਆਟਰਾਂ ਦੀ ਰਿਪੇਅਰ ਨਹੀਂ ਕਰਵਾਈ ਜਾ ਰਹੀ। ਕਰਮਚਾਰੀਆਂ ਨੂੰ ਨਿੱਤ ਵਰਤੋਂ ਦੇ ਔਜ਼ਾਰ ਨਹੀਂ ਦਿੱਤੇ ਜਾਂਦੇ।ਭਰਾਤਰੀ ਜਥੇਬੰਦੀਆਂ ਦੇ ਆਗੂ ਹਰੀ ਸਿੰਘ ਦੌਣਕਲਾਂ, ਸੁੱਚਾ ਸਿੰਘ ਕੋਲ, ਦਿਆਲ ਸਿੰਘ ਸਿੱਧੂ, ਰਾਜ ਕਿਸ਼ਨ ਨੂਰਖੇੜੀਆਂ, ਸ਼ੇਰ ਸਿੰਘ ਸਰਹਿੰਦ ਤੇ ਧੰਨਾ ਸਿੰਘ ਨੇ ਧਰਨੇ ਦੀ ਹਮਾਇਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਮੰਗਾਂ ਪੂਰੀਆਂ ਨਾ ਹੋਣ ਤੱਕ ਧਰਨੇ ਦੀ ਹਮਾਇਤ ਕੀਤੀ ਜਾਵੇਗੀ। ਇਹ ਧਰਨਾ ਉਸ ਸਮੇਂ ਪੂਰੇ ਜਾਹੋ ਜਲਾਲ 'ਚ ਆ ਗਿਆ, ਜਦੋਂ ਭੜਕੇ ਵਰਕਰਾਂ ਨੇ ਰੋਡ ਜਾਮ ਕਰ ਦਿੱਤਾ ਤਾਂ ਪ੍ਰਸ਼ਾਸਨ ਤੇ ਪੁਲਸ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਭਾਖੜਾ ਦੀ ਮੈਨੇਜਮੈਂਟ ਵੱਲੋਂ ਮੀਟਿੰਗ ਦਾ ਭਰੋਸਾ ਦੇਣ 'ਤੇ ਫ਼ੀਲਡ ਕਾਮੇ ਸ਼ਾਂਤ ਹੋਏ। ਅੱਜ ਦੇ ਧਰਨੇ ਵਿੱਚ ਸ਼ਾਮਲ ਨਰੇਸ਼ ਕੁਮਾਰ ਦੇਧਨਾ, ਜਗਤਾਰ ਸਿੰਘ ਖਮਾਣੋਂ, ਰਜਿੰਦਰ ਪਾਲ ਸਿੰਘ, ਕੌਰ ਸਿੰਘ, ਜਗਤਾਰ ਸਿੰਘ ਸ਼ਾਹਪੁਰ, ਸੁਲੇਮਾਨ, ਹਰਮੇਸ਼ ਲਾਲ, ਨਰੇਸ਼ ਸਿੰਘ, ਗੀਤ ਸਿੰਘ, ਲਖਵਿੰਦਰ ਸਿੰਘ ਪਟਿਆਲਾ, ਰਣਧੀਰ ਸਿੰਘ, ਇਕਬਾਲ ਸਿੰਘ ਤੇ ਬਿਪਨ ਪ੍ਰਸ਼ਾਦ ਆਦਿ ਹਾਜ਼ਰ ਸਨ।

ਤੀਜੇ ਦਿਨ 2 ਉਮੀਦਵਾਰਾਂ ਕਾਗਜ਼ ਦਾਖਲ ਕਰਵਾਏ

ਸੰਗਰੂਰ (ਪ੍ਰਵੀਨ ਸਿੰਘ)-ਲੋਕ ਸਭਾ ਹਲਕਾ-12 ਸੰਗਰੂਰ ਵਿੱਚ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਚੱਲ ਰਹੀ ਪ੍ਰਕਿਰਿਆ ਤਹਿਤ ਵੀਰਵਾਰ 2 ਹੋਰ ਉਮੀਦਵਾਰਾਂ ਵੱਲੋਂ ਰਿਟਰਨਿੰਗ ਅਫ਼ਸਰ ਜਤਿੰਦਰ ਜੋਰਵਾਲ ਕੋਲ ਆਪਣੇ ਫਾਰਮ ਦਾਖਲ ਕਰਵਾਏ ਗਏ ਹਨ।ਜ਼ਿਕਰਯੋਗ ਹੈ ਕਿ ਪਿਛਲੇ 2 ਦਿਨਾਂ ਦੌਰਾਨ 6 ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰਵਾ ਚੁੱਕੇ ਹਨ ਤੇ ਅੱਜ ਇਹ ਗਿਣਤੀ ਵਧ ਕੇ ਕੁੱਲ 8 ਹੋ ਗਈ ਹੈ।ਅੱਜ ਕਾਗਜ਼ ਦਾਖਲ ਕਰਨ ਵਾਲਿਆਂ ਵਿੱਚ ਬਹੁਜਨ ਸਮਾਜ ਪਾਰਟੀ ਦੇ ਮੱਖਣ ਸਿੰਘ ਤੇ ਅਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਹਰਭਜਨ ਸਿੰਘ ਸ਼ਾਮਲ ਹਨ। ਰਿਟਰਨਿੰਗ ਅਫ਼ਸਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਉਮੀਦਵਾਰ 14 ਮਈ ਤੱਕ ਆਪਣੇ ਕਾਗਜ਼ ਦਾਖਲ ਕਰਵਾ ਸਕਦੇ ਹਨ, ਜਦਕਿ ਇਨ੍ਹਾਂ ਕਾਗਜ਼ਾਂ ਦੀ ਪੜਤਾਲ 15 ਮਈ ਨੂੰ ਹੋਵੇਗੀ ਤੇ ਉਮੀਦਵਾਰ 17 ਮਈ ਤੱਕ ਆਪਣੇ ਕਾਗਜ਼ ਵਾਪਸ ਲੈ ਸਕਣਗੇ।ਉਨ੍ਹਾਂ ਦੱਸਿਆ ਕਿ 11 ਤੇ 12 ਮਈ ਨੂੰ ਛੁੱਟੀਆਂ ਹੋਣ ਕਾਰਨ ਕਾਗਜ਼ ਜਮ੍ਹਾਂ ਨਹੀਂ ਹੋਣਗੇ।

12 ਨੂੰ ਬਿਜਲੀ ਬੰਦ ਰਹੇਗੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਉਪ ਮੰਡਲ ਪਾਵਰਕਾਮ ਸ਼ਹਿਰੀ ਧੂਰੀ ਦੇ ਐੱਸ.ਡੀ.ਓ. ਗੁਰਦੀਪਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ. ਵੀ. ਗਰਿੱਡ ਧੂਰੀ ਤੋਂ ਚੱਲਦੇ ਰਾਮ ਬਾਗ ਫੀਡਰ, ਸ਼ਹਿਰੀ ਫੀਡਰ-1, ਆਰੀਆ ਕਾਲਜ, ਧਰਮਪੁਰਾ, ਐੱਮ. ਕੇ. ਰੋਡ, ਗਊਸ਼ਾਲਾ ਰੋਡ, ਮਾਰਕਫੈੱਡ, ਸ਼ੂਗਰ ਮਿੱਲ ਤੇ ਸ਼ਹਿਰੀ-2 ਦੀ ਸਪਲਾਈ ਜ਼ਰੂਰੀ ਮੁਰੰਮਤ ਕਾਰਨ 12 ਮਈ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ।

ਦਫਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੰਜੀਵ ਧੀਮਾਨ ਪੁੱਤਰ ਸੁਰਿੰਦਰ ਕੁਮਾਰ ਵਾਸੀ ਮੁਹੱਲਾ ਕਾਲੇ ਵਾਲਾ ਕਰਤਾਰਪੁਰ ਵਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਦੁਕਾਨ/ਸ਼ੋਅ-ਰੂਮ ਯੂ.ਆਈ.ਡੀ. ਨੰਬਰ ਬੀ-09-0410 ਰਕਬਾ ਲੱਗਭੱਗ 1320 ਵਰਗ ਫੁੱਟ ਵਾਕਿਆ ਫਰਨੀਚਰ ਬਾਜ਼ਾਰ ਕਰਤਾਰਪੁਰ ਉਹਨਾਂ ਦੀ ਮਾਤਾ ਸਤਿਆ ਭਾਸ਼ਨੀ ਪਤਨੀ ਲੇਟ ਸੁਰਿੰਦਰ ਕੁਮਾਰ ਦੀ ਮਲਕੀਤੀ ਹੈ।ਬਿਨੈਕਾਰ ਨੇ ਆਪਣਾ ਹਲਫੀਆ ਬਿਆਨ ਪੱਤਰ, ਆਪਣੀ ਮਾਤਾ ਸਤਿਆ ਭਾਸ਼ਨੀ ਦੀ ਮੌਤ ਦੇ ਸਰਟੀਫਿਕੇਟ ਦੀ ਕਾਪੀ, ਰਜਿਸਟਰਡ ਵਸੀਅਤ ਦੀ ਕਾਪੀ, ਮੌਕੇ ਦੀ ਫੋਟੋ ਨਾਲ ਨੱਥੀ ਕੀਤੀ ਗਈ ਹੈ।ਬਿਨੈਕਾਰ ਦੀ ਮਾਤਾ ਸਤਿਆ ਭਾਸ਼ਨੀ ਨੇ ਉਕਤ ਪ੍ਰਾਪਰਟੀ ਸਬੰਧੀ ਇੱਕ ਰਜਿਸਟਰਡ ਵਸੀਅਤ ਨੰਬਰ 105/3 ਮਿਤੀ 25.07.2019 ਨੂੰ ਆਪਣੇ ਪੁੱਤਰ ਸੰਜੀਵ ਧੀਮਾਨ ਪੁੱਤਰ ਸੁਰਿੰਦਰ ਕੁਮਾਰ ਦੇ ਹੱਕ ਵਿੱਚ ਕੀਤੀ ਹੈ।ਬਿਨੈਕਾਰ ਦੀ ਮਾਤਾ ਦੀ ਮੌਤ ਮਿਤੀ 25.07.2019 ਨੂੰ ਹੋ ਚੁੱਕੀ ਹੈ।ਸੰਜੀਵ ਧੀਮਾਨ ਨੇ ਹਲਫੀਆ ਬਿਆਨ ਪੱਤਰ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਆਪਣੇ ਨਾਂਅ 'ਤੇ ਦਰਜ/ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।ਨਗਰ ਕੌਂਸਲ ਦੇ ਟੀ.ਐਸ.1 ਨੰਬਰ 448/1 ਰਿਕਾਰਡ ਵਿੱਚ ਇਹ ਪ੍ਰਾਪਰਟੀ ਸਤਿਆ ਭਾਸ਼ਨੀ ਪਤਨੀ ਸੁਰਿੰਦਰ ਕੁਮਾਰ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰ ਵਲੋਂ ਰਜਿਸਟਰਡ ਵਸੀਅਤ ਤੋਂ ਇਲਾਵਾ ਹੋਰ ਕੋਈ ਮਾਲਕੀ ਸਬੂਤ ਪੇਸ਼ ਨਹੀਂ ਕੀਤਾ ਹੈ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਪ੍ਰਾਪਰਟੀ ਟੈਕਸ ਮੰਤਵ ਲਈ ਸੰਜੀਵ ਧੀਮਾਨ ਪੁੱਤਰ ਸੁਰਿੰਦਰ ਕੁਮਾਰ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ।ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਲਿਖਤੀ ਤੌਰ 'ਤੇ ਕਰ ਸਕਦਾ ਹੈ।ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਕਾਰਜ ਸਾਧਕ ਅਫਸਰ, ਨਗਰ ਕੌਂਸਲ ਕਰਤਾਰਪੁਰ

ਦਫਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੰਜਯ ਕੋਹਲੀ ਪੁੱਤਰ ਬਲਦੇਵ ਰਾਜ ਕੋਹਲੀ ਵਾਸੀ ਮਕਾਨ ਨੰਬਰ 3811/8 ਮੁਹੱਲਾ ਕੱਲਸਰ ਕਰਤਾਰਪੁਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਇਕ ਮਕਾਨ ਯੂ.ਆਈ. ਡੀ. ਨੰਬਰ ਬੀ-08-0032 ਰਕਬਾ ਲੱਗਭੱਗ 130.4 ਵਰਗ ਗਜ਼ ਵਾਕਿਆ ਕੱਲਸਰ ਮੁਹੱਲਾ ਕਰਤਾਰਪੁਰ ਸਾਡੀ ਮਾਤਾ ਵੀਨਾ ਪਤਨੀ ਬਲਦੇਵ ਰਾਜ ਦੀ ਜੱਦੀ ਮਲਕੀਤੀ ਹੈ। ਹੁਣ ਸਾਡੀ ਮਾਤਾ ਵੀਨਾ ਦੀ ਮੌਤ ਮਿਤੀ 27.06.2021 ਨੂੰ ਅਤੇ ਪਿਤਾ ਬਲਦੇਵ ਰਾਜ ਦੀ ਵੀ ਮੌਤ ਮਿਤੀ 02.05.2003 ਨੂੰ ਹੋ ਚੁੱਕੀ ਹੈ।

1. ਸੰਜਯ ਕੋਹਲੀ ਪੁੱਤਰ ਬਲਦੇਵ ਰਾਜ, 2. ਰਮਨਦੀਪ ਕੌਰ (ਪਤਨੀ ਕਪਿਲ ਅਰੋੜਾ) ਪੁੱਤਰੀ ਲੇਟ ਬਲਦੇਵ ਰਾਜ ਨੇ ਹਲਫੀਆ ਬਿਆਨ ਪੱਤਰ ਦਿੱਤੇ ਹਨ ਕਿ ਸਾਡੇ ਦੋਨਾਂ ਭੈਣ ਭਰਾਵਾਂ ਤੋਂ ਇਲਾਵਾ ਇਸ ਪ੍ਰਾਪਰਟੀ ਦਾ ਹੋਰ ਕੋਈ ਵਾਰਸ ਨਹੀਂ ਹੈ। ਬਿਨੈਕਾਰ ਦੀ ਭੈਣ ਰਮਨਦੀਪ ਕੌਰ ਨੇ ਆਪਣੇ ਭਰਾ ਸੰਜਯ ਕੋਹਲੀ ਦੇ ਹੱਕ ਵਿਚ ਹਲਫੀਆ ਬਿਆਨ ਦਿੱਤਾ ਅਤੇ ਕਿਹਾ ਕਿ ਜੇਕਰ ਉਸ ਦਾ ਬਣਦਾ ਹਿੱਸਾ ਉਸ ਦੇ ਭਰਾ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਂਦਾ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਸੰਜਯ ਕੋਹਲੀ ਨੇ ਹਲਫੀਆ ਬਿਆਨ ਪੱਤਰ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿਚ ਮੇਰੇ ਇਕੱਲੇ ਦੇ ਨਾਂਅ 'ਤੇ ਤਬਦੀਲ/ਦਰਜ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਅਤੇ ਨਗਰ ਕੌਂਸਲ ਦੇ ਰਿਕਾਰਡ ਵਿਚ ਟਰਾਂਸਫਰ ਕਰਨ ਦੀ ਕੌਂਸਲਰ ਅਮਰਜੀਤ ਕੌਰ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ। ਨਗਰ ਕੌਂਸਲ ਦੇ ਟੀ. ਐੱਸ.1 ਰਿਕਾਰਡ ਵਿਚ ਇਹ ਪ੍ਰਾਪਰਟੀ ਵੀਨਾ ਕੋਹਲੀ ਪਤਨੀ ਬਲਦੇਵ ਰਾਜ ਦੇ ਨਾਂਅ 'ਤੇ ਦਰਜ ਹੈ ਅਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਇਹ ਮਕਾਨ ਵੀਨਾ ਕੋਹਲੀ ਪਤਨੀ ਬਲਦੇਵ ਰਾਜ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰ ਵੱਲੋਂ ਆਪਣੀ ਘਰੇਲੂ ਵੰਡ, ਰਜਿਸਟਰਡ/ਅਣਰਜਿਸਟਰਡ ਵਸੀਅਤ ਮਾਲ ਵਿਭਾਗ ਦਾ ਰਿਕਾਰਡ ਜੋ ਬਿਨੈਕਾਰ ਦੀ ਮਾਲਕੀ ਦਰਸਾਉਂਦਾ ਹੋਵੇ ਉਹ ਪੇਸ਼ ਨਹੀਂ ਕੀਤਾ ਹੈ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਪ੍ਰਾਪਰਟੀ ਟੈਕਸ ਮੰਤਵ ਲਈ ਸੰਜਯ ਕੋਹਲੀ ਪੁੱਤਰ ਬਲਦੇਵ ਰਾਜ ਕੋਹਲੀ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ, ਕਰਤਾਰਪੁਰ।

ਕਾਤਰਾਂ

ਨਾਬਾਲਿਗ ਨੂੰ ਵਿਆਹ ਦਾ ਝ

10- May Page - 6.qxd 5/9/2024 10:50 PM Page 1

ਰਾਜ ਚੈੱਕ ਪੋਸਟ 'ਤੇ ਜਾਅਲੀ ਟੈਕਸ ਵਸੂਲੀ ਘੁਟਾਲੇ ਦਾ ਭਗੌੜਾ ਮੁਲਜ਼ਮ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਜੀਲੈਂਸ ਬਿਊਰੋ ਨੇ ਇੱਕ ਭਗੌੜੇ ਮੁਲਜ਼ਮ ਸਤਪਾਲ ਚੌਧਰੀ ਵਾਸੀ ਪਿੰਡ ਮੁਰਤਜ਼ਾਬਾਦ (ਸਤਬਾਰਗੜੀ), ਜ਼ਿਲ੍ਹਾ ਪਲਵਲ, ਹਰਿਆਣਾ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਮੁਲਜ਼ਮ ਹਾਈ ਕੋਰਟ ਵੱਲੋਂ ਅਗਾਊਂ ਜ਼ਮਾਨਤ ਪਟੀਸ਼ਨ ਖਾਰਜ ਹੋਣ ਤੋਂ ਬਾਅਦ ਆਪਣੀ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ।ਉਹ ਐਸ.ਏ.ਐਸ.ਨਗਰ ਜ਼ਿਲ੍ਹੇ ਦੇ ਟੈਕਸ ਕੁਲੈਕਸ਼ਨ ਸੈਂਟਰ, ਝਰਮੜੀ, ਲਾਲੜੂ ਵਿਖੇ ਸੂਬੇ ਵਿੱਚ ਦਾਖਲ ਹੋਣ ਵਾਲੇ ਵਪਾਰਕ ਵਾਹਨਾਂ ਤੋਂ ਜਾਅਲੀ ਕੰਪਿਊਟਰ ਸਾਫਟਵੇਅਰ ਅਤੇ ਜਾਅਲੀ ਸਟੈਂਪਾਂ/ਸੀਲਾਂ ਦੀ ਵਰਤੋਂ ਕਰਕੇ ਟੈਕਸ ਉਗਰਾਹੀ ਕਰਨ ਸਬੰਧੀ ਇੱਕ ਘੁਟਾਲੇ ਵਿੱਚ ਲੋੜੀਂਦਾ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਐਫਆਈਆਰ ਨੰਬਰ 08, ਮਿਤੀ 08.06.2022 ਨੂੰ ਆਈਪੀਸੀ ਦੀ ਧਾਰਾ 420, 465, 467, 471,120 ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ, 13(1) (ਏ), 13(2) ਤਹਿਤ ਪਹਿਲਾਂ ਹੀ ਪੁਲਸ ਸਟੇਸ਼ਨ ਵਿਜੀਲੈਂਸ ਬਿਊਰੋ, ਐਫ.ਐਸ.-1, ਪੰਜਾਬ, ਮੋਹਾਲੀ ਵਿਖੇ ਕੇਸ ਦਰਜ ਕੀਤਾ ਜਾ ਚੁੱਕਾ ਹੈ।ਇਸ ਕੇਸ ਵਿੱਚ ਹਰਪਾਲ ਸਿੰਘ ਵਾਸੀ ਪਿੰਡ ਹਸਨਪੁਰ, ਫਤਿਹਾਬਾਦ, ਹਰਿਆਣਾ, ਸਲਿੰਦਰ ਸਿੰਘ ਵਾਸੀ ਪਿੰਡ ਬਿਸ਼ਨਪੁਰਾ, ਜ਼ੀਰਕਪੁਰ ਅਤੇ ਪ੍ਰਵੀਨ ਕੁਮਾਰ ਵਾਸੀ ਪਿੰਡ ਖਾਨਪੁਰ, ਖਰੜ, ਐਸ.ਏ.ਐਸ.ਨਗਰ ਦੇ ਤਿੰਨ ਮੁਲਜ਼ਮਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜੋ ਕਿ ਅੰਤਰਰਾਜੀ ਟੈਕਸ ਉਗਰਾਹੀ ਕੇਂਦਰ ਵਿਖੇ ਜਾਅਲੀ ਕੰਪਿਊਟਰ ਸਾਫਟਵੇਅਰ ਅਤੇ ਫ਼ਰਜ਼ੀ ਸਟੈਂਪਾਂ/ਸੀਲਾਂ ਦੀ ਵਰਤੋਂ ਕਰਦੇ ਸਨ।ਉਕਤ ਮੁਲਾਜ਼ਮਾਂ ਦੇ ਸਾਥੀ ਸਤਪਾਲ ਚੌਧਰੀ ਨੂੰ ਵੀ ਟਰਾਂਸਪੋਰਟ ਵਿਭਾਗ ਦੇ ਈ-ਪਰਿਵਾਹਨ ਸਾਫਟਵੇਅਰ ਦੀ ਤਰਜ਼ 'ਤੇ ਤਿਆਰ ਕੀਤੇ ਜਾਅਲੀ ਸਾਫਟਵੇਅਰ ਦਾ ਲਿੰਕ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਨਾਮਜ਼ਦ ਕੀਤਾ ਗਿਆ ਸੀ।ਇਸ ਘੁਟਾਲੇ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਰੋਜ਼ਾਨਾ 2000 ਦੇ ਕਰੀਬ ਵਪਾਰਕ ਵਾਹਨਾਂ ਦੇ ਨਾਲ-ਨਾਲ ਵਪਾਰਕ ਵਾਹਨਾਂ ਦੀਆਂ ਨਵੀਆਂ ਚਾਸੀਆਂ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਦਾਖਲ ਹੁੰਦੀਆਂ ਹਨ। ਇਨ੍ਹਾਂ ਵਾਹਨਾਂ ਨੂੰ ਪੰਜਾਬ ਵਿੱਚ ਦਾਖਲ ਹੋਣ ਜਾਂ ਲੰਘਣ ਲਈ ਟੈਕਸ ਦਾ ਭੁਗਤਾਨ ਕਰਨਾ ਪੈਂਦਾ ਹੈ, ਜੋ ਕਿ ਸਬੰਧਤ ਵਾਹਨ ਦੇ ਡਰਾਈਵਰ/ਮਾਲਕ ਦੁਆਰਾ ਆਨਲਾਈਨ ਜਾਂ ਉਕਤ ਚੈੱਕ ਪੋਸਟ 'ਤੇ ਤਾਇਨਾਤ ਸਟਾਫ਼ ਕੋਲ ਜਮ੍ਹਾ ਕਰਾਇਆ ਜਾਂਦਾ ਹੈ।ਬੁਲਾਰੇ ਨੇ ਅੱਗੇ ਕਿਹਾ ਕਿ ਝਰਮੜੀ ਵਿਖੇ ਆਰ.ਟੀ.ਏ. ਚੈਕ ਪੋਸਟ 'ਤੇ ਤਾਇਨਾਤ ਮੁਲਾਜ਼ਮ ਈ-ਪਰਿਵਾਹਨ ਸਾਫਟਵੇਅਰ ਵਿੱਚ ਵਾਹਨ ਦੇ ਰਜਿਸਟ੍ਰੇਸ਼ਨ ਨੰਬਰ ਅਤੇ ਕਿਸਮ ਸਮੇਤ ਲੋੜੀਂਦੇ ਵੇਰਵੇ ਭਰਨ ਤੋਂ ਬਾਅਦ ਟੈਕਸ ਦੀ ਬਣਦੀ ਰਕਮ ਵਸੂਲਦੇ ਹਨ।ਉਨ੍ਹਾਂ ਅੱਗੇ ਕਿਹਾ ਕਿ ਵਸੂਲੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੁੰਦੀ ਹੈ। ਹਾਲਾਂਕਿ, ਇਨ੍ਹਾਂ ਮੁਲਾਜ਼ਮਾਂ ਨੇ ਰਕਮ ਦਾ ਗਬਨ ਕਰਨ ਦੇ ਇਰਾਦੇ ਨਾਲ, ਅਸਲ ਵਰਗਾ ਇੱਕ ਜਾਅਲੀ ਸਾਫਟਵੇਅਰ ਤਿਆਰ ਕੀਤਾ ਅਤੇ ਇਸ ਦੀ ਵਰਤੋਂ ਵਪਾਰਕ ਵਾਹਨਾਂ ਤੋਂ ਟੈਕਸ ਵਸੂਲਣ ਅਤੇ ਵਾਹਨਾਂ ਦੇ ਮਾਲਕਾਂ/ਡਰਾਈਵਰਾਂ ਲਈ ਜਾਅਲੀ ਰਸੀਦਾਂ ਤਿਆਰ ਕਰਨ ਲਈ ਕਰਦੇ ਸਨ।ਬੁਲਾਰੇ ਨੇ ਦੱਸਿਆ ਕਿ ਇਸ ਤਰ੍ਹਾਂ ਹੋਣ ਵਾਲੀ ਆਮਦਨ ਨਾਲ ਇਹ ਮੁਲਜ਼ਮ ਲੰਮੇ ਸਮੇਂ ਤੋਂ ਆਪਣੀਆਂ ਜੇਬਾਂ ਭਰ ਰਹੇ ਸਨ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਸੀ। ਉਹਨਾਂ ਅੱਗੇ ਦੱਸਿਆ ਕਿ ਇੰਨਾ ਹੀ ਨਹੀਂ, ਉਨ੍ਹਾਂ ਨੇ ਵਾਹਨਾਂ ਦੇ ਮਾਲਕਾਂ/ਡਰਾਈਵਰਾਂ ਨੂੰ ਇਸ ਦੀ ਅਸਲੀਅਤ ਬਾਰੇ ਯਕੀਨ ਦਿਵਾਉਣ ਲਈ ਰਸੀਦਾਂ 'ਤੇ ਚਿਪਕਾਉਣ ਲਈ ਜਾਅਲੀ ਸਟੈਂਪ/ਸੀਲਾਂ ਵੀ ਬਣਾਈਆਂ ਹੋਈਆਂ ਸਨ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਾਜ ਪ੍ਰਿਤਪਾਲ ਸਿੰਘ ਨਾਇਬ ਤਹਿਸੀਲਦਾਰ ਅਜਨਾਲਾ ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ ਅਜਨਾਲਾ,
ਕੇਸ ਨੰਬਰ : Other Case/68/2022
ਕਿਸਮ ਕੇਸ : ਤਕਸੀਮ ਨੰਬਰ/ਰੀਡਰ/ਐੱਨ ਟੀ/181
ਮਿਤੀ : 07.05.2024
ਦਾਇਰ ਮਿਤੀ 12-12-2022
ਵਾਕਿਆ ਪਿੰਡ ਦਿਆਲਪੁਰਾ
ਤਰੀਕ ਪੇਸ਼ੀ : 20.05.2024
ਜਤਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਗੈਰਾ
ਸਾਇਲਾਨ/ਪ੍ਰਾਰਥਕ
ਬਨਾਮ
ਹਰਬੰਸ ਸਿੰਘ ਮ੍ਰਿਤਕ ਰਾਹੀਂ ਵਾਰਸ ਸੁਰਿੰਦਰਪਾਲ ਸਿੰਘ ਮੱਤਾ ਵਗੈਰਾ .. ਉਤਰਵਾਦੀਆਨ
1. ਹਰਬੰਸ ਸਿੰਘ ਪੁੱਤਰ ਚੰਨਣ ਸਿੰਘ ਮ੍ਰਿਤਕ ਰਾਹੀਂ ਵਾਰਸ ਸੁਰਿੰਦਰਪਾਲ ਸਿੰਘ ਮੱਤਾ ਅਤੇ ਗੋਪੀ ਸਿੰਘ ਪੁੱਤਰਾਨ ਹਰਬੰਸ ਸਿੰਘ ਵਾਸੀਆਨ ਪਿੰਡ ਦਿਆਲਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਅਨੁਵਾਨ ਕੇਸ ਵਿੱਚ ਦਰਜ ਉਤਰਵਾਦੀਆਨ ਦੀ ਤਲਬੀ ਸੰਮਨ ਰਾਹੀਂ ਕਰਨੀ ਸੰਭਵ ਨਾ ਹੋਣ ਕਾਰਨ ਅਖਬਾਰੀ ਇਸ਼ਤਿਹਾਰ ਰਾਹੀਂ ਉਤਰਵਾਦੀ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਗਲੀ ਤਰੀਕ ਪੇਸ਼ੀ 20.05.2024 ਨੂੰ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋਣ ਤੇ ਕੇਸ ਦੀ ਪੈਰਵਾਈ ਕਰਨ। ਹਾਜ਼ਰ ਨਾ ਹੋਣ ਦੀ ਸੂਰਤ 'ਚ ਉਨ੍ਹਾਂ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ, ਅਜਨਾਲਾ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਅਨੁਦੀਪ ਸ਼ਰਮਾ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਜਲੰਧਰ-1
ਗੁਰਮੇਲ ਸਿੰਘ ਬਨਾਮ ਸੁਰਿੰਦਰ ਸਿੰਘ ਵਗੈਰਾ
(1) ਸੁਰਿੰਦਰ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਬੜਿੰਗ ਤਹਿਸੀਲ ਵਾ ਜ਼ਿਲ੍ਹਾ ਜਲੰਧਰ।
(2) ਗੁਰਜੀਤ ਸਿੰਘ ਪੁੱਤਰ ਗੁਰਦੇਵ ਸਿੰਘ
(3) ਕੁਲਦੀਪ ਸਿੰਘ ਪੁੱਤਰ ਗੁਰਦੇਵ ਸਿੰਘ
(4) ਮਨਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀਆਨ ਪਿੰਡ ਗਰਲੇ ਢਾਹਾਂ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਬਾਬਤ ਖਸਰਾ ਗਿਰਦਾਵਰੀ ਪਿੰਡ ਬੋਲੀਨਾ ਤਹਿਸੀਲ ਜਲੰਧਰ-1

ਖੇਵਟ ਨੰ: 157/152 ਖਤੌਨੀ ਨੰਬਰ 247 ਖੇਵਟ ਨੰਬਰ 158/153 ਖਤੌਨੀ ਨੰਬਰ 248 ਵਾ ਖੇਵਟ ਨੰਬਰ 249, ਵਾ ਖੇਵਟ ਨੰਬਰ 159/154 ਖਤੌਨੀ ਨੰਬਰ 250, 251, ਵਾ ਖੇਵਟ ਨੰਬਰ 160/155 ਖਤੌਨੀ ਨੰਬਰ 252 ਵਾ ਖੇਵਟ ਨੰਬਰ 292/284 ਖਤੌਨੀ ਨੰਬਰ 432

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿੱਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਖੁਦ ਜਾਂ ਆਪਣੇ ਵਕੀਲ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 30-05-2024 ਤੱਕ ਪੇਸ਼ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਯਕਤਰਫ਼ਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਕੇਸ ਦਾ ਫ਼ੈਸਲਾ ਤੁਹਾਡੀ ਹਾਜ਼ਰੀ ਦੇ ਵਗੈਰ ਕਰ ਦਿੱਤਾ ਜਾਵੇਗਾ।

ਅੱਜ ਮਿਤੀ 7/05/24 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਦੋਮ, ਜਲੰਧਰ-1

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਾਜ ਪ੍ਰਿਤਪਾਲ ਸਿੰਘ ਨਾਇਬ ਤਹਿਸੀਲਦਾਰ ਅਜਨਾਲਾ ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ ਅਜਨਾਲਾ
ਕੇਸ ਨੰਬਰ : Other Case/68/2022
ਕਿਸਮ ਕੇਸ : ਤਕਸੀਮ ਨੰਬਰ/ਰੀਡਰ/ਐੱਨ ਟੀ/181
ਮਿਤੀ : 07.05.2024
ਦਾਇਰ ਮਿਤੀ 12-12-2022 ਵਾਕਿਆ ਪਿੰਡ ਦਿਆਲਪੁਰਾ ਤਰੀਕ ਪੇਸ਼ੀ : 20.05.2024
ਜਤਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਗੈਰਾ ਸਾਇਲਾਨ/ਪ੍ਰਾਰਥਕ
ਬਨਾਮ
ਭੁਪਿੰਦਰਪਾਲ ਸਿੰਘ ਮ੍ਰਿਤਕ ਰਾਹੀਂ ਵਾਰਸ ਕਰਨਪਾਲ ਸਿੰਘ ਵਗੈਰਾ (ਉਤਰਵਾਦੀਆਨ)
(1) ਭੁਪਿੰਦਰਪਾਲ ਸਿੰਘ ਮ੍ਰਿਤਕ ਦੀਦਾਰ ਸਿੰਘ ਰਾਹੀਂ ਵਾਰਸ ਕਰਨਪਾਲ ਸਿੰਘ ਮ੍ਰਿਤਕ ਪੁੱਤਰ ਭੁਪਿੰਦਰ ਸਿੰਘ ਰਾਹੀਂ ਵਾਰਸ ਪੁਨੀਤ ਕੌਰ (ਪਤਨੀ) (2) ਸਵਰਾਜ ਸਿੰਘ ਪੁੱਤਰ ਉਪਕਾਰ ਸਿੰਘ (3) ਜਗਜੀਤ ਸਿੰਘ ਪੁੱਤਰ ਕਰਤਾਰ ਸਿੰਘ ਮ੍ਰਿਤਕ ਰਾਹੀਂ ਵਾਰਸ ਅੰਮ੍ਰਿਤਪਾਲ ਸਿੰਘ, ਹਰਜੋਤ ਸਿੰਘ ਪੁੱਤਰਾਨ (4) ਉਪਕਾਰ ਸਿੰਘ ਪੁੱਤਰ ਗੁਰਬਖਸ਼ ਸਿੰਘ (5) ਗੋਰਵਦੀਪ ਸਿੰਘ ਪੁੱਤਰ ਕ੍ਰਿਪਾਲ ਸਿੰਘ (6) ਰਾਜਵਿੰਦਰ ਕੌਰ ਵਿਧਵਾ ਦੀਦਾਰ ਸਿੰਘ ਮ੍ਰਿਤਕ ਰਾਹੀਂ ਵਾਰਸ ਸਵਰਨ ਸਿੰਘ ਅਤੇ ਗੁਰਮੁਖ ਸਿੰਘ ਪੁੱਤਰਾਨ ਦੀਦਾਰ ਸਿੰਘ (7) ਪ੍ਰਭੂਸ਼ਰਨ ਸਿੰਘ ਪੁੱਤਰ ਕਰਤਾਰ ਸਿੰਘ (8) ਲਖਵਿੰਦਰ ਕੌਰ ਵਿਧਵਾ ਕ੍ਰਿਪਾਲ ਸਿੰਘ (9) ਅਮਨਦੀਪ ਸਿੰਘ ਪੁੱਤਰ ਕ੍ਰਿਪਾਲ ਸਿੰਘ (10) ਮਨਦੀਪ ਕੌਰ ਪੁੱਤਰੀ ਕ੍ਰਿਪਾਲ ਸਿੰਘ (11) ਗੰਡਾ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਚਰਨਜੀਤ ਸਿੰਘ ਪੁੱਤਰ ਗੰਡਾ ਸਿੰਘ (12) ਰਸਵੰਤ ਕੌਰ ਵਿਧਵਾ ਸਰਪਿੰਦਰ ਸਿੰਘ (13) ਪੁਨੀਤ ਕੌਰ ਪੁੱਤਰੀ ਸਰਪਿੰਦਰ ਸਿੰਘ (14) ਜਗਜੀਤ ਕੌਰ ਵਿਧਵਾ ਅਨੀਤਪਾਲ ਸਿੰਘ (15) ਹਰਜੋਤ ਸਿੰਘ ਪੁੱਤਰ ਅਨੀਤਪਾਲ ਸਿੰਘ (16) ਗੁਰਨਾਮ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਮਨਜੀਤ ਕੌਰ ਪਤਨੀ ਗੁਰਿੰਦਰ ਸਿੰਘ (17) ਧਰਮ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਦਲਜੀਤ ਕੌਰ ਅਤੇ ਹਰਪਾਲ ਸਿੰਘ, ਜਸਪਾਲ ਸਿੰਘ ਪੁੱਤਰਾਨ ਧਰਮ ਸਿੰਘ (18) ਪਦਾਰਥ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਸਵਿੰਦਰ ਕੌਰ ਪਤਨੀ ਜਗਰੂਪ ਸਿੰਘ, ਬਾਊ ਪੁੱਤਰਾਨ ਪਦਾਰਥ ਸਿੰਘ (19) ਦੀਦਾਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਅਮਰਜੀਤ ਕੌਰ ਪਤਨੀ ਲੱਕੀ, ਪੱਪੀ ਪੁੱਤਰਾਨ ਦੀਦਾਰ ਸਿੰਘ ਸਾਰੇ ਵਾਸੀਆਨ ਪਿੰਡ ਦਿਆਲਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਅਨੁਵਾਨ ਕੇਸ ਵਿੱਚ ਦਰਜ ਉਤਰਵਾਦੀਆਨ ਦੀ ਤਲਬੀ ਸੰਮਨ ਰਾਹੀਂ ਕਰਨੀ ਸੰਭਵ ਨਾ ਹੋਣ ਕਾਰਨ ਅਖਬਾਰੀ ਇਸ਼ਤਿਹਾਰ ਰਾਹੀਂ ਉਤਰਵਾਦੀ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਗਲੀ ਤਰੀਕ ਪੇਸ਼ੀ 20.05.2024 ਨੂੰ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋਣ ਤੇ ਕੇਸ ਦੀ ਪੈਰਵਾਈ ਕਰਨ। ਹਾਜ਼ਰ ਨਾ ਹੋਣ ਦੀ ਸੂਰਤ 'ਚ ਉਨ੍ਹਾਂ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ, ਅਜਨਾਲਾ

Public Notice

Notice is hereby given that the certificate for Equity Shares Nos. 1567 of Capital Small Finance Bank Limited, Registered office at Midas Corporate Park, 3rd Floor, 37 G.T. Road, Jalandhar 144001, Punjab issued in name of Rajan Gupta and Shafali Gupta have been lost or mislaid and the undersigned has applied to the company to issue duplicate certificate for the said shares. The folio No. is 0001377, Number of shares under certificate Number 3034 are 1000 shares having Distinctive numbers from 21481815 to 21482814 and under folio No. 0001377 Number of shares under certificate Number 3035 are 567 shares having Distinctive numbers from 21482815 to 21483381. Any person who has any claim in respect of said shares should write to RTA : Linkintime Pvt. Ltd. C-101,247 Park, LBS Marg, Vikhroli West), Mumbai 400083, Maharashtra within 15 days from this date else the company will proceed to issued duplicate certificates. Name of share holders : Rajan Gupta and Shafali Gupta.

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਾਜ ਪ੍ਰਿਤਪਾਲ ਸਿੰਘ ਨਾਇਬ ਤਹਿਸੀਲਦਾਰ ਅਜਨਾਲਾ ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ
ਕੇਸ ਨੰਬਰ : Other Case/69/2022 ਨੰਬਰ/ਰੀਡਰ/ਐੱਨ ਟੀ/182
ਕਿਸਮ ਕੇਸ : ਤਕਸੀਮ ਮਿਤੀ : 07.05.2024
ਦਾਇਰ ਮਿਤੀ 12-12-2022 ਵਾਕਿਆ ਪਿੰਡ ਦਿਆਲਪੁਰਾ ਤਰੀਕ ਪੇਸ਼ੀ : 20.05.2024
ਜਤਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਗੈਰਾ ਸਾਇਲਾਨ/ਪ੍ਰਾਰਥਕ
ਬਨਾਮ
ਭੁਪਿੰਦਰਪਾਲ ਸਿੰਘ ਮ੍ਰਿਤਕ ਰਾਹੀਂ ਵਾਰਸ ਕਰਨਪਾਲ ਸਿੰਘ ਵਗੈਰਾ (ਉਤਰਵਾਦੀਆਨ)
(1) ਭੁਪਿੰਦਰਪਾਲ ਸਿੰਘ ਮ੍ਰਿਤਕ ਦੀਦਾਰ ਸਿੰਘ ਰਾਹੀਂ ਵਾਰਸ ਕਰਨਪਾਲ ਸਿੰਘ ਮ੍ਰਿਤਕ ਪੁੱਤਰ ਭੁਪਿੰਦਰ ਸਿੰਘ ਰਾਹੀਂ ਵਾਰਸ ਪੁਨੀਤ ਕੌਰ (ਪਤਨੀ) (2) ਸਵਰਾਜ ਸਿੰਘ ਪੁੱਤਰ ਉਪਕਾਰ ਸਿੰਘ (3) ਜਗਜੀਤ ਸਿੰਘ ਪੁੱਤਰ ਕਰਤਾਰ ਸਿੰਘ ਮ੍ਰਿਤਕ ਰਾਹੀਂ ਵਾਰਸ ਅੰਮ੍ਰਿਤਪਾਲ ਸਿੰਘ, ਹਰਜੋਤ ਸਿੰਘ ਪੁੱਤਰਾਨ (4) ਉਪਕਾਰ ਸਿੰਘ ਪੁੱਤਰ ਗੁਰਬਖਸ਼ ਸਿੰਘ (5) ਗੋਰਵਦੀਪ ਸਿੰਘ ਪੁੱਤਰ ਕ੍ਰਿਪਾਲ ਸਿੰਘ (6) ਰਾਜਵਿੰਦਰ ਕੌਰ ਵਿਧਵਾ ਦੀਦਾਰ ਸਿੰਘ ਮ੍ਰਿਤਕ ਰਾਹੀਂ ਵਾਰਸ ਸਵਰਨ ਸਿੰਘ ਅਤੇ ਗੁਰਮੁਖ ਸਿੰਘ ਪੁੱਤਰਾਨ ਦੀਦਾਰ ਸਿੰਘ (7) ਪ੍ਰਭੂਸ਼ਰਨ ਸਿੰਘ ਪੁੱਤਰ ਕਰਤਾਰ ਸਿੰਘ (8) ਲਖਵਿੰਦਰ ਕੌਰ ਵਿਧਵਾ ਕ੍ਰਿਪਾਲ ਸਿੰਘ (9) ਅਮਨਦੀਪ ਸਿੰਘ ਪੁੱਤਰ ਕ੍ਰਿਪਾਲ ਸਿੰਘ (10) ਮਨਦੀਪ ਕੌਰ ਪੁੱਤਰੀ ਕ੍ਰਿਪਾਲ ਸਿੰਘ (11) ਗੰਡਾ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਚਰਨਜੀਤ ਸਿੰਘ ਪੁੱਤਰ ਗੰਡਾ ਸਿੰਘ (12) ਰਸਵੰਤ ਕੌਰ ਵਿਧਵਾ ਸਰਪਿੰਦਰ ਸਿੰਘ (13) ਪੁਨੀਤ ਕੌਰ ਪੁੱਤਰੀ ਸਰਪਿੰਦਰ ਸਿੰਘ (14) ਜਗਜੀਤ ਕੌਰ ਵਿਧਵਾ ਅਨੀਤਪਾਲ ਸਿੰਘ (15) ਹਰਜੋਤ ਸਿੰਘ ਪੁੱਤਰ ਅਨੀਤਪਾਲ ਸਿੰਘ (16) ਗੁਰਨਾਮ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਮਨਜੀਤ ਕੌਰ ਪਤਨੀ ਗੁਰਿੰਦਰ ਸਿੰਘ (17) ਧਰਮ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਦਲਜੀਤ ਕੌਰ ਅਤੇ ਹਰਪਾਲ ਸਿੰਘ, ਜਸਪਾਲ ਸਿੰਘ ਪੁੱਤਰਾਨ ਧਰਮ ਸਿੰਘ (18) ਪਦਾਰਥ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹੀਂ ਵਾਰਸ ਸਵਿੰਦਰ ਕੌਰ ਪਤਨੀ ਜਗਰੂਪ ਸਿੰਘ, ਬਾਊ ਪੁੱਤਰਾਨ ਪਦਾਰਥ ਸਿੰਘ (19) ਦੀਦਾਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਮ੍ਰਿਤਕ ਰਾਹ

10-MAY-PAGE-7.qxd 5/9/2024 10:43 PM Page 1

ਭੀਖ ਨਹੀਂ, ਪੜ੍ਹਾਈ ਮੰਗੋ : ਐੱਸ ਡੀ ਐੱਮ

ਮਲੋਟ (ਗੁਰਮੀਤ ਸਿੰਘ ਮੱਕੜ) : ਬਾਲ ਭੀਖਿਆ ਵਰਗੀ ਕੁਰੀਤੀ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਅੱਜ ਉੱਪ ਮੰਡਲ ਮੈਜਿਸਟ੍ਰੇਟ ਮਲੋਟ ਸ਼੍ਰੀ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ, ਸ਼੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਹੋਈ। ਇਸ ਮੌਕੇ ਉੱਪ ਮੰਡਲ ਮੈਜਿਸਟ੍ਰੇਟ ਮਲੋਟ ਸ੍ਰੀ ਸੰਜੀਵ ਕੁਮਾਰ ਕਿਹਾ ਕਿ ਇਸ ਪ੍ਰੋਜੈਕਟ ਦੌਰਾਨ ਮੁੱਢਲੇ ਤੌਰ 'ਤੇ 5 ਬੱਚਿਆਂ ਨੂੰ ਲੈ ਕੇ ਉਨ੍ਹਾਂ ਨੂੰ ਸਕੂਲ ਵਰਗਾ ਸੁਖਾਵਾਂ ਵਾਤਾਵਰਣ ਦੇ ਕੇ ਸਿੱਖਿਅਤ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਬੱਚਿਆ ਤੋਂ ਪ੍ਰਭਾਵਿਤ ਹੋ ਕੇ ਹੋਰ ਭੀਖ ਮੰਗਣ ਨਾਲ ਜੁੜੇ ਹੋਏ ਬੱਚੇ ਇਸ ਸਮਜਿਕ ਸਮੱਸਿਆ ਤੋਂ ਆਪ ਮੁਹਾਰੇ ਛੁਟਕਾਰਾ ਪਾ ਸਕਣ। ਮੀਟਿੰਗ ਦੌਰਾਨ ਉਨ੍ਹਾਂ ਭੀਖ ਮੰਗਦੇ ਬੱਚਿਆਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਲਈ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸ਼ਿਵਾਨੀ ਨਾਗਪਾਲ ਨੂੰ ਆਦੇਸ਼ ਦਿੱਤੇ ਕਿ ਭੀਖ ਮੰਗਦੇ ਬੱਚਿਆਂ ਦੀ ਪਹਿਚਾਣ ਕਰਕੇ ਉਨ੍ਹਾਂ ਦੀ ਸੂਚੀ ਤਿਆਰ ਕੀਤੀ ਜਾਵੇ ਤੇ ਉਨ੍ਹਾਂ ਵੱਲੋਂ ਮਲੋਟ ਬਲਾਕ ਵਿੱਚ ਭੀਖ ਮੰਗਦੇ ਬੱਚਿਆਂ ਦੀ ਸੂਚੀ ਤਿਆਰ ਕਰਨ ਲਈ ਮਲੋਟ ਬਲਾਕ ਦੇ ਬਾਲ ਭਲਾਈ ਕਮੇਟੀ ਮੈਂਬਰ ਮਨੀਸ਼ ਵਰਮਾ ਤੇ ਸ੍ਰੀਮਤੀ ਗੁਰਪਨੀਤ ਕੌਰ ਦੀ ਜ਼ਿੰਮੇਵਾਰੀ ਲਗਾਈ ਗਈ। ਐੱਸ.ਡੀ.ਐੱਮ. ਨੇ ਕਿਹਾ ਕਿ ਬੱਚਿਆਂ ਵਿੱਚ ਸਕੂਲ ਪ੍ਰਤੀ ਆਕ੍ਰਸ਼ਣ ਪੈਦਾ ਕਰਨ ਲਈ ਪ੍ਰੋਜੈਕਟ ਦੌਰਾਨ ਖੇਡਾਂ, ਪੇਂਟਿਗ, ਡਾਂਸਿਗ ਆਦਿ ਕਰਵਾਏ ਜਾਣਗੇ। ਜਦੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਹਰ ਬੱਚੇ ਦੇ ਮਨ ਵਿੱਚ ਸਕੂਲ ਜਾਣ ਦੀ ਇੱਛਾ ਪੈਦਾ ਹੋ ਜਾਵੇਗੀ ਤਾਂ ਕੋਈ ਵੀ ਬੱਚਾ ਭੀਖ ਨਹੀਂ ਮੰਗੇਗਾ। ਇਸ ਮੌਕੇ ਸ਼੍ਰੀਮਤੀ ਅਨੂ ਬਾਲਾ, ਬਾਲ ਸੁਰੱਖਿਆ ਅਫਸਰ, ਸੰਜੀਵ ਕੁਮਾਰ ਬਾਵਾ ਅੰਗਰੇਜ਼ੀ ਲੈਕਚਰਾਰ, ਸੀਨੀਅਰ ਸੈਕੰਡਰੀ ਸਕੂਲ ਮੰਡੀ ਹਰਜੀ ਰਾਮ (ਲੜਕੀਆਂ) ਮਲੋਟ ਤੇ ਸ਼੍ਰੀਮਤੀ ਹੀਨਾ ਅਨੇਜਾ (ਆਉਟਰੀਚ ਵਰਕਰ) ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਮੌਜੂਦ ਸਨ।

ਜੇਲ੍ਹ ਵਾਰਡਨ ਦੀ ਹਵਾਲਾਤੀ ਨੇ ਵਰਦੀ ਪਾੜੀ ਤੇ ਪੱਗ ਉਤਾਰ ਦਿੱਤੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਜੇਲ੍ਹ ਵਾਰਡਨ ਦੀ ਵਰਦੀ ਪਾੜ ਕੇ ਪੱਗ ਲਾਉਣ ਤੇ ਜੇਲ੍ਹ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਹਵਾਲਾਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 4937 ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 7 ਮਈ 2024 ਨੂੰ ਵਾਰਡਰ ਸੁਖਰਾਜ ਦੀ ਡਿਊਟੀ ਸ਼ਾਮ 5 ਵਜੇ ਤੋਂ 9 ਵਜੇ ਤੱਕ ਪੁਰਾਣੀਆਂ ਬੈਰਕਾਂ 01 ਤੋਂ 06 'ਤੇ ਸੀ। ਸ਼ਾਮ ਨੂੰ ਬੰਦੀ ਕਰਕੇ ਸਮੇਂ ਕੁਝ ਕੈਦੀ ਹਵਾਲਾਤੀ ਪੁਰਾਣੀ ਬੈਰਕ ਨੰਬਰ 3 ਦੇ ਬਾਹਰ ਖੜੇ ਸੀ। ਜਦ ਉਨ੍ਹਾਂ ਨੂੰ ਬੰਦੀਆਂ ਨੂੰ ਵਾਰਡਰ ਸੁਖਰਾਜ ਸਿੰਘ ਨੇ ਬੰਦੀ ਕਰਾਉਣ ਲਈ ਕਿਹਾ ਤਾਂ ਦੋਸ਼ੀ ਹਵਾਲਾਤੀ ਮਰਕਸ ਮਸੀਹ ਪੁੱਤਰ ਨਛੱਤਰ ਮਸੀਹ ਵਾਸੀ ਪਿੰਡ ਨੂਰਪੁਰ ਮਾਛੀਵਾੜਾ, ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਗਾਲੀ ਗਲੋਚ ਤੇ ਲੜਾਈ ਝਗੜਾ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦੌਰਾਨ ਉਕਤ ਹਵਾਲਾਤੀ ਨੇ ਵਾਰਡਰ ਸੁਖਰਾਜ ਦੀ ਵਰਦੀ ਪਾੜ ਦਿੱਤੀ ਤੇ ਪੱਗੜੀ ਵੀ ਉਤਾਰ ਦਿੱਤੀ। ਸਹਾਇਕ ਸੁਪਰਡੈਂਟ ਨੇ ਦੱਸਿਆ ਕਿ ਦੋਸ਼ੀ ਵੱਲੋਂ ਵਾਰਡਰ ਸੁਖਰਾਜ ਸਿੰਘ ਨਾਲ ਲੜਾਈ ਝਗੜਾ ਕਰਕੇ, ਧੱਕਾ ਮੁੱਕੀ ਕਰਕੇ, ਗਾਲੀ ਗਲੋਚ ਕਰਕੇ ਉਸ ਦੀ ਵਰਦੀ ਨੂੰ ਹੱਥ ਪਾ ਜੇਲ੍ਹ ਨਿਯਮਾਂ ਦੀ ਉਲੰਘਣਾ ਕੀਤੀ ਤੇ ਡਿਊਟੀ ਵਿੱਚ ਵਿਘਨ ਪਾਇਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਅਕਾਲੀ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦਾ ਚੋਣ ਪ੍ਰਚਾਰ ਜ਼ੋਰਾਂ 'ਤੇ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਫ਼ਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੀ ਚੋਣ ਮੁਹਿੰਮ ਜ਼ੋਰਾਂ 'ਤੇ ਹੈ।ਪਾਰਟੀ ਵੱਲੋਂ ਟਿਕਟ ਮਿਲਣ ਤੋਂ ਬਾਅਦ ਤੋਂ ਹੀ ਉਹ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਦੇ ਪਿੰਡ-ਪਿੰਡ ਜਾ ਕੇ ਵੋਟਰਾਂ ਨੂੰ ਵੋਟਾਂ ਪਾਉਣ ਦੀ ਅਪੀਲ ਕਰ ਰਹੇ ਹਨ।ਇਸੇ ਤਰ੍ਹਾਂ ਫਾਜ਼ਿਲਕਾ ਦੇ ਇੱਕ ਦਰਜਨ ਤੋਂ ਵੱਧ ਪਿੰਡਾਂ ਵਿੱਚ ਉਨ੍ਹਾਂ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਪਾਰਟੀ ਦੇ ਕੰਮਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਵੋਟ ਪਾਉਣ।

ਉਨ੍ਹਾ ਕਿਹਾ ਕਿ ਫ਼ਿਰੋਜ਼ਪੁਰ ਲੋਕ ਸਭਾ ਹਲਕਾ ਸ਼੍ਰੋਮਣੀ ਅਕਾਲੀ ਦਲ ਦਾ ਗੜ੍ਹ ਰਿਹਾ ਹੈ।ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 1998 ਤੋਂ ਲੈ ਕੇ ਹੁਣ ਤੱਕ ਪਿਛਲੇ 6 ਪਲਾਨ ਤੋਂ ਜਿੱਤਦਾ ਆ ਰਿਹਾ ਹੈ।ਇਸ ਕਾਰਨ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਵੀ ਆਪਣਾ ਇਤਿਹਾਸ ਦੁਹਰਾਏਗਾ।ਉਨ੍ਹਾਂ ਦਾਅਵਾ ਕੀਤਾ ਕਿ ਉਹ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਭਾਰੀ ਬਹੁਮੱਤ ਨਾਲ ਜਿਤਾ ਕੇ ਸੀਟ ਪਾਰਟੀ ਦੀ ਝੋਲੀ ਵਿੱਚ ਪਾਉਣਗੇ। ਇਸ ਦੌਰਾਨ ਉਨ੍ਹਾ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਵੀ ਤਿੱਖਾ ਨਿਸ਼ਾਨਾ ਸਾਧਿਆ।ਉਨ੍ਹਾ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਢਾਈ ਸਾਲ ਬਾਅਦ ਵੀ ਆਮ ਆਦਮੀ ਪਾਰਟੀ ਇਹ ਵਾਅਦੇ ਪੂਰੇ ਨਹੀਂ ਕਰ ਸਕੀ ਹੈ, ਜਿਸ ਕਾਰਨ ਲੋਕਾਂ ਵਿੱਚ 'ਆਪ' ਸਰਕਾਰ ਪ੍ਰਤੀ ਭਾਰੀ ਰੋਸ ਹੈ।

ਅਕਾਲੀ-ਭਾਜਪਾ ਦੇ ਲੁਕਵੇਂ ਗੱਠਜੋੜ ਤੋਂ ਸੁਚੇਤ ਰਹਿਣ ਦੀ ਲੋੜ : ਅਮੀਤ, ਭੱਲਾ

ਤਲਵੰਡੀ ਸਾਬੋ (ਜਗਦੀਪ ਗਿੱਲ) : ਲੋਕਾਂ ਨੂੰ ਅਕਾਲੀ ਦਲ ਤੇ ਭਾਜਪਾ ਦੇ ਲੁੱਕਵੇਂ ਗੱਠਜੋੜ ਤੋਂ ਸੁਚੇਤ ਹੋ ਜਾਣਾ ਚਾਹੀਦਾ ਹੈ। ਇਹ ਦੋਵੇਂ ਪਾਰਟੀਆਂ ਅੰਦਰੋਂ ਘਿਓ ਖਿੱਚੜੀ ਹਨ। ਇਹ ਵਿਚਾਰ ਬਠਿੰਡਾ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਪੁੱਤਰ ਅਮੀਤ ਖੁੱਡੀਆਂ, ਅਤੇ ਆਪ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਜਤਿੰਦਰ ਭੱਲਾ ਨੇ ਬਠਿੰਡਾ ਦਿਹਾਤੀ ਹਲਕੇ ਦੇ ਪਿੰਡਾਂ ਅੰਦਰ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਦੋਵੇਂ ਅਕਾਲੀ ਤੇ ਭਾਜਪਾ ਪਾਰਟੀਆਂ ਕਿਸਾਨ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਜਿੱਥੇ ਭਾਰਤੀ ਜਨਤਾ ਪਾਰਟੀ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਲਾਗੂ ਕੀਤਾ, ਉੱਥੇ ਹੀ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਕੋਲ ਬੈਠ ਕੇ ਇਹ ਤਿੰਨੇ ਖੇਤੀ ਕਾਨੂੰਨ ਬਣਵਾਏ ਸਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਅਕਾਲੀ ਦਲ ਤੇ ਉਸ ਦੀ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਤਿੰਨ ਖੇਤੀ ਕਾਨੂੰਨਾਂ ਦਾ ਸਵਾਗਤ ਕਰਦਿਆਂ ਭਾਰਤੀ ਜਨਤਾ ਪਾਰਟੀ ਦਾ ਡੱਟਵਾਂ ਸਾਥ ਦਿੱਤਾ ਸੀ। ਅਮੀਤ ਨੇ ਕਿਹਾ ਕਿ ਭਾਵੇਂ ਕਿਸਾਨਾਂ ਦੇ ਦਬਾਅ ਸਦਕਾ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜਨ ਦਾ ਐਲਾਨ ਤਾਂ ਕੀਤਾ, ਪਰ ਅੰਦਰ ਖਾਤੇ ਕਿਤੇ ਨਾ ਕਿਤੇ ਅਜੇ ਵੀ ਦੋਵੇਂ ਪਾਰਟੀਆਂ ਘਿਓ ਖਿੱਚੜੀ ਹਨ। ਇਸ ਲਈ ਲੋਕਾਂ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਜੇਕਰ ਉਹ ਅਕਾਲੀ ਦਲ ਨੂੰ ਵੋਟ ਪਾਉਂਦੇ ਹਨ ਤਾਂ ਇਸ ਦਾ ਸਾਫ ਮਤਲਬ ਭਾਜਪਾ ਨੂੰ ਵੋਟ ਪਾਉਣਾ ਹੋਵੇਗਾ।

ਇਸ ਮੌਕੇ ਆਮ ਆਦਮੀ ਪਾਰਟੀ ਬਠਿੰਡਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ ਨੇ ਕਿਹਾ ਕਿ ਹਲਕੇ ਦੇ ਵਿਕਾਸ ਤੇ ਤਰੱਕੀ ਲਈ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਪਾਰਲੀਮੈਂਟ ਵਿੱਚ ਭੇਜਣਾ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਜਥੇਦਾਰ ਖੁੱਡੀਆਂ ਸ਼ਰੀਫ ਤੇ ਇਮਾਨਦਾਰ ਆਗੂ ਹਨ ਅਤੇ ਲੋਕਾਂ ਨੂੰ ਅਜਿਹੇ ਆਗੂਆਂ ਨੂੰ ਸਿਆਸਤ ਵਿੱਚ ਅੱਗੇ ਲੈ ਕੇ ਆਉਣਾ ਚਾਹੀਦਾ ਹੈ।

ਕਾਤਰਾਂ

ਲਾਪਤਾ ਮਜ਼ਦੂਰ ਦੀ ਦਾਨੇਵਾਲਾ ਨੇੜਿਓਂ ਨਹਿਰ 'ਚੋਂ ਲਾਸ਼ ਬਰਾਮਦ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਪਿਛਲੇ ਦੋ ਦਿਨਾਂ ਤੋਂ ਲਾਪਤਾ ਫ਼ਾਜ਼ਿਲਕਾ ਦੇ ਪਿੰਡ ਹਸਤਾ ਕਲਾਂ ਨਿਵਾਸੀ ਇਕ ਮਜ਼ਦੂਰ ਦੀ ਲਾਸ਼ ਪਿੰਡ ਦਾਨੇਵਾਲਾ ਨੇੜਿਓਂ ਨਹਿਰ 'ਚੋਂ ਬਰਾਮਦ ਹੋਈ ਹੈ।ਮ੍ਰਿਤਕ 5 ਮਈ ਤੋਂ ਲਾਪਤਾ ਹੋ ਗਿਆ ਸੀ, ਜਿਸ ਤੋਂ ਬਾਅਦ ਪਰਵਾਰ ਵਾਲਿਆਂ ਵੱਲੋਂ ਉਸ ਦੀ ਭਾਲ ਕੀਤੀ ਗਈ, ਪਰ ਉਸ ਦਾ ਕੁੱਝ ਪਤਾ ਨਹੀਂ ਚੱਲਿਆ, ਬੀਤੀ ਸ਼ਾਮ ਉਸ ਦੀ ਲਾਸ਼ ਪਿੰਡ ਦਾਨੇਵਾਲਾ ਦੇ ਨਜ਼ਦੀਕ ਨਹਿਰ 'ਤੋਂ ਬਰਾਮਦ ਹੋਈ ਹੈ।ਮ੍ਰਿਤਕ ਦੇ ਪਿਤਾ ਨਿਹਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਰਨ (22) ਦਾਣਾ ਮੰਡੀ ਵਿੱਚ ਤੁਲਾਈ ਦਾ ਕੰਮ ਕਰਦਾ ਸੀ।ਬੀਤੀ 5 ਮਈ ਨੂੰ ਉਹ ਘਰੋਂ ਕੰਮ 'ਤੇ ਜਾਣ ਲਈ ਕਹਿ ਗਿਆ ਸੀ। ਇਸ ਤੋਂ ਬਾਅਦ ਉਸ ਦਾ ਫੋਨ ਆਇਆ ਕਿ ਉਹ ਗੰਗ ਕਨਾਲ ਨਹਿਰ ਦੇ ਕੋਲ ਹੈ।ਇਸ ਦੌਰਾਨ ਉਸ ਦਾ ਅਚਾਨਕ ਪੈਰ ਫਿਸਲਣ ਕਾਰਨ ਉਹ ਨਹਿਰ 'ਚ ਜਾ ਡਿੱਗਿਆ।ਉਸ ਨੂੰ ਤੈਰਨਾ ਨਹੀਂ ਆਉਂਦਾ ਹੋਣ ਕਰਕੇ ਉਹ ਬਾਹਰ ਨਹੀਂ ਨਿਕਲ ਸਕਿਆ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ, ਪਰ ਉਸ ਦਾ ਕੁਝ ਵੀ ਪਤਾ ਨਹੀਂ ਚੱਲਿਆ।ਇਸ ਦੌਰਾਨ ਉਸ ਦੀ ਲਾਸ਼ ਪਿੰਡ ਦਾਨੇਵਾਲਾ ਕੋਲ ਗੰਗ ਕੈਨਾਲ ਵਿੱਚੋਂ ਮਿਲੀ।ਉਹ ਵਿਓਹੁਤਾ ਸੀ ਤੇ ਉਸ ਦੇ ਦੋ ਬੱਚੇ ਹਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਜ਼ਿਲ੍ਹਾ ਮੀਟਿੰਗ ਭਲਕੇ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਦੇ ਪੈਨਸ਼ਨਰਾਂ ਦੀ ਇੱਕ ਜ਼ਰੂਰੀ ਮੀਟਿੰਗ 11 ਮਈ 2024 ਨੂੰ ਸਵੇਰੇ ਠੀਕ 9.30 ਵਜੇ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਸਕੂਲ ਕੋਟਕਪੂਰਾ ਵਿਖੇ ਰੱਖੀ ਗਈ ਹੈ।ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜ ਕਾਲ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਣਦੇ ਬਕਾਏ ਨਾ ਦੇਣ ਤੇ ਡੀ ਏ ਦੀਆਂ 12 ਫੀਸਦੀ ਤਿੰਨ ਕਿਸ਼ਤਾਂ ਨਾ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਆਗੂਆਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਲਾਗੂ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਡੀ ਆਰ ਕਾਨਵੈਂਟ ਸਕੂਲ 'ਚ ਮਾਂ ਦਿਵਸ ਮਨਾਇਆ

ਦੋਦਾ (ਪੱਤਰ ਪ੍ਰੇਰਕ)-ਇਲਾਕੇ ਦੀ ਸਿਰਮੌਰ ਸਿੱਖਿਆ ਸੰਸਥਾ ਡੀ ਆਰ ਕਾਨਵੈਂਟ ਸੀ. ਸੈਕੰ. ਸਕੂਲ ਕਾਉਣੀ ਵਿਖੇ ਚੇਅਰਮੈਨ ਨਿਹਾਲ ਸਿੰਘ ਬਰਾੜ ਦੀ ਅਗਵਾਈ ਹੇਠ ਸਟਾਫ ਦੀ ਸਹਿਯੋਗ ਨਾਲ ਪ੍ਰਿੰਸੀਪਲ ਵਿਪਨ ਕੁਮਾਰ ਜਸਵਾਲ ਦੀ ਦੇਖ-ਰੇਖ ਹੇਠ 'ਮਾਂ ਦਿਵਸ' ਮਨਾਇਆ ਗਿਆ।ਇਸ ਮੌਕੇ ਨਰਸਰੀ ਤੋਂ ਦੂਜੀ ਕਲਾਸ ਦੇ ਵਿਦਿਆਰਥੀਆਂ ਨੇ ਮਾਂ ਦਿਵਸ ਸਬੰਧੀ ਕਾਰਡ, ਕਵਿਤਾ ਤੇ ਗੀਤ ਪੇਸ਼ ਕੀਤੇ।ਇਸ ਦੌਰਾਨ ਹਾਜ਼ਰ ਮਾਂਵਾਂ ਕੋਲੋਂ ਵੱਖ ਵੱਖ ਮਨੋਰੰਜਨ ਖੇਡਾਂ ਕਰਵਾਈਆਂ ਗਈਆਂ।ਸਕੂਲ ਪ੍ਰਿੰਸੀਪਲ ਜਸਵਾਲ ਤੇ ਰਮਨਦੀਪ ਕੌਰ ਵੱਲੋਂ ਮਾਂ ਦਿਵਸ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸਮੂਹ ਸਕੂਲ ਸਟਾਫ ਤੇ ਬੱਚਿਆਂ ਦੀਆਂ ਮਾਂਵਾਂ ਮੌਜੂਦ ਸਨ, ਜਿਨ੍ਹਾਂ ਨੂੰ ਸਕੂਲ ਵੱਲੋਂ ਸਨਮਾਨਤ ਕੀਤਾ ਗਿਆ।

ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਨੂੰ ਮਿਲਿਆ ਬਲ

ਕੋਟਕਪੂਰਾ (ਰਛਪਾਲ ਭੁੱਲਰ)-ਬਲਵਿੰਦਰ ਸਿੰਘ ਪੰਜਗਰਾਈਆਂ ਦੀ ਪ੍ਰੇਰਨਾ ਸਦਕਾ ਬਹੁ-ਗਿਣਤੀ ਪਰਿਵਾਰ ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਨਾਲ ਜੁੜਨ ਕਾਰਨ ਸੈਣ ਸਭਾ ਪਰਵਾਰ ਵਿੱਚ ਚੋਖਾ ਵਾਧਾ ਹੋਇਆ। ਇਸ ਸਮੇਂ ਸਭਾ ਦੇ ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ ਧੀਰਾ ਪੱਤਰਾ, ਸੂਬੇ ਦੇ ਮੀਤ ਪ੍ਰਧਾਨ ਨੀਲਾ ਸਿੰਘ, ਖਜ਼ਾਨਚੀ ਕੁਲਵੰਤ ਸਿੰਘ ਤੇ ਰੂਪ ਸਿੰਘ ਮੁਕਤਸਰ ਅਤੇ ਅਰੂੜ ਸਿੰਘ ਰੱਤੀ ਰੋੜੀ ਨੇ ਨਵੇਂ ਜੁੜੇ ਮੈਂਬਰਾਂ ਨੂੰ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਬਲਵਿੰਦਰ ਸਿੰਘ ਪੰਜਗਰਾਈਆਂ ਦਾ ਧੰਨਵਾਦ ਕੀਤਾ। ਬਲਵਿੰਦਰ ਸਿੰਘ ਪੰਜਗਰਾਈਆਂ ਨੂੰ ਪਿੰਡ ਦੀ ਇਕਾਈ ਦੀ ਜ਼ਿੰਮੇਵਾਰੀ ਸੌਂਪੀ ਗਈ। ਨਵੇਂ ਜੁੜੇ ਮੈਂਬਰਾਂ ਵਿੱਚ

10-May-PAGE-8.qxd 5/9/2024 10:56 PM Page 1

ਮਨਜ਼ੂਰੀ ਦੇ ਬਿਨਾਂ ਪ੍ਰਿੰਟ ਮੀਡੀਆ 'ਚ ਨਹੀਂ ਕੀਤੇ ਜਾਣਗੇ ਰਾਜਨੀਤਕ ਇਸ਼ਤਿਹਾਰ ਪ੍ਰਕਾਸ਼ਤ : ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੋਣ ਦੇ ਦਿਨ ਜਾਂ ਇਕ ਦਿਨ ਪਹਿਲਾਂ ਸੂਬਾ ਅਤੇ ਜ਼ਿਲ੍ਹਾ, ਮੀਡੀਆ, ਪ੍ਰਮਾਣੀਕਰਣ ਅਤੇ ਨਿਗਰਾਨੀ ਕਮੇਟੀ ਦੀ ਮੰਜੂਰੀ ਦੇ ਬਿਨਾਂ ਪ੍ਰਿੰਟ ਮੀਡੀਆ ਵਿਚ ਕਿਸੇ ਵੀ ਤਰ੍ਹਾਂ ਦਾ ਰਾਜਨੀਤਕ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ।

ਮੁੱਖ ਚੋਣ ਅਧਿਕਾਰੀ ਲੋਕ ਸਭਾ ਚੋਣ ਨਾਲ ਸਬੰਧ ਵਿਚ ਵਿਭਾਗ ਦੇ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਨੂੰ ਸੰਬੋਧਿਤ ਕਰ ਰਹੇ ਸਨ। ਕਮਿਸ਼ਨ ਵੱਲੋਂ ਲਿਆ ਗਿਆ ਇਹ ਫੈਸਲਾ ਸੰਪੂਰਣ ਚੋਣ ਪ੍ਰਕ੍ਰਿਆ ਦੇ ਆਖੀਰੀ ਪੜਾਅ ਵਿਚ ਪ੍ਰਿੰਟ ਮੀਡੀਆ ਰਾਹੀਂ ਰਾਜਨੀਤਿਕ ਇਸ਼ਤਿਹਾਰਾਂ ਦੇ ਵੱਲੋਂ ਕਿਸੇ ਦਾ ਬਚਾਅ ਤੇ ਗੁਮਰਾਹ ਕਰਨਾ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਵੋਟਿੰਗ ਦੇ ਦਿਨ ਅਤੇ ਵੋਟਿੰਗ ਤੋਂ ਇਕ ਦਿਨ ਪਹਿਲਾਂ ਪ੍ਰਿੰਟ ਮੀਡੀਆ ਵਿਚ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਉਣ ਲਈ ਐਮਸੀਐਮਸੀ ਤੋਂ ਦੋ ਦਿਨ ਪਹਿਲਾਂ ਮੰਜੂਰੀ ਲੈਣੀ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਜਨਪ੍ਰਤੀਨਿਧੀ ਐਕਟ 1951 ਦੀ ਧਾਰਾ 77 (1) ਅਤੇ 127 ਏ ਦੇ ਤਹਿਤ ਕਮਿਸ਼ਨ ਨੇ ਨਿਰਦੇਸ਼ ਦਿੱਤੇ ਹਨ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਦੇ ਵਿਰੁੱਧ ਪ੍ਰਿੰਟ ਮੀਡੀਆ ਵਿਚ ਚੋਣ ਸਮੇਂ ਦੌਰਾਨ ਕਿਸੇ ਵੀ ਤਰ੍ਹਾਂ ਦਾ ਇਸ਼ਤਿਹਾਰ ਜਾਂ ਚੋਣ ਸਬੰਧਿਤ ਸਮੱਗਰੀ ਪ੍ਰਕਾਸ਼ਿਤ ਕਰਦੇ ਸਮੇਤ ਪ੍ਰਕਾਸ਼ਕ ਨੂੰ ਇਸ਼ਤਿਹਾਰ ਦੇ ਨਾਲ ਆਪਣਾ ਨਾਂਅ ਤੇ ਪਤਾ ਪ੍ਰਦਰਸ਼ਿਤ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹ ਕਿ ਸੁਪਰੀਮ ਕੋਰਟ ਅਨੁਸਾਰ ਕੇਬਲ ਟੀਵੀ ਨੈਟਵਰਕਸ ਰੈਗੂਲੇਸ਼ਨ ਐਕਟ 1995 ਦੇ ਪ੍ਰਾਵਧਾਨ ਦਾ ਉਲੰਘਣ ਹੁੰਦਾ ਹੈ ਤਾਂ ਉਲੰਘਣ ਕਰਨ ਵਾਲੇ ਦੇ ਵਿਰੁੱਧ ਆਦੇਸ਼ ਪਾਸ ਕੀਤੇ ਜਾਣਗੇ ਇੱਥੇ ਤਕ ਕਿ ਉਸ ਦੇ ਸਮੱਗਰੀਆਂ ਨੂੰ ਜਬਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਸਾਰੀ ਤਰ੍ਹਾਂ ਦੇ ਇਸ਼ਤਿਹਾਰ ਜਾਂ ਪੇਡ ਨਿਯੂਜ ਭਾਰਤੀ ਪ੍ਰੈਸ ਪਰਿਸ਼ਦ ਤੇ ਪੱਤਰਕਾਰ ਆਚਰਣ ਨਿਯਮ 2020 ਅਤੇ ਨਿਯੂਜ ਬ੍ਰਾਂਡਕਾਸਟ ਅਤੇ ਡਿਜੀਟਲ ਏਸੋਸਇਏਸ਼ਨ ਦੇ ਨਿਯਮਾਂ ਦੇ ਤਹਿਤ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੇ ਪੱਧਰ ਜਤੇ ਵੀ ਅਜਿਹੇ ਪੇਡ ਨਿਯੂਜ ਦੀ ਮਿਲੀ ਸ਼ਿਕਾਇਤਾਂ ਦੀ ਨਿਗਰਾਨੀ ਦੇ ਲਈ ਕਮੇਟੀ ਗਠਨ ਕੀਤੀ ਗਈ ਹੈ, ਜਿਸ ਵਿਚ ਆਲ ਇੰਡੀਆ ਰੇਡਿਓ ਨਵੀਂ ਦਿੱਲੀ ਦੇ ਸਮਾਚਾਰ ਸੇਵਾ ਅਨੁਭਾਗ ਦੇ ਵਧੀਕ ਮਹਾਨਿਦੇਸ਼ਕ (ਸਮਾਚਾਰ), ਡੀਏਵੀਪੀ ਨਵੀਂ ਦਿੱਲੀ ਦੇ ਵਧੀਕ ਮਹਾਨਿਦੇਸ਼ਕ, ਭਾਰਤੀ ਪ੍ਰੈਸ ਪਰਿਸ਼ਦ ਦੇ ਮੈਂਬਰ, ਪ੍ਰਧਾਨ ਸਕੱਤਰ, ਸਕੱਤਰ (ਚੋਣ ਖਰਚ ਪ੍ਰਭਾਰੀ), ਪ੍ਰਧਾਨ ਸਕੱਤਰ (ਵਿਧੀ) ਸਬੰਧਿਤ ਰਾਜ ਅਤੇ ਕੇਂਦਰ ਸ਼ਾਸਿਤ ਸੂਬੇ, ਪ੍ਰਧਾਨ ਸਕੱਤਰ ਪ੍ਰਭਾਵਰੀ (ਸੀਸੀਐਂਡ ਉਪਰੋਕਤ ਕਮੇਟੀ) ਨਿਰਦੇਸ਼ਕ, ਪ੍ਰਧਾਨ ਸਕੱਤਰ, ਉੱਪ ਸਕੱਤਰ (ਮੀਡੀਆ ਡਿਵੀਜਨ) ਸ਼ਾਮਿਲ ਹੈ। ਉਪਰੋਕਤ ਕਮੇਟੀ ਰਾਜ ਪੱਧਰ 'ਤੇ ਗਠਨ ਐਮਸੀਐਮਸੀ ਕਮੇਟੀ ਦੇ ਫੈਸਲੇ ਦੇ ਵਿਰੁੱਧ ਕੀਤੀ ਗਈ ਅਪੀਲ 'ਤੇ ਸੁਣਵਾਈ ਕਰੇਗੀ। ਜਿੱਥੇ ਤਕ ਪੇਡ ਨਿਯੂਜ ਦੇ ਮਾਮਲਿਆਂ 'ਤੇ ਸਿੱਧੇ ਕਮਿਸ਼ਨ ਨੂੰ ਗਈਆਂ ਸ਼ਿਕਾਇਤਾਂ ਨੂੰ ਕਮਿਸ਼ਨ ਰਾਜ ਪੱਧਰੀ ਐਮਸੀਐਮਸੀ ਕਮੇਟੀ ਦੇ ਵਿਚਾਰਧੀਨ ਭੇਜਿਆ ਕਰੇਗਾ।

'ਹਿੰਦੀ ਸਾਹਿਤ ਦੇ ਖੇਤਰ 'ਚ ਰੁਜ਼ਗਾਰ ਦੇ ਮੌਕੇ' ਵਿਸ਼ੇ 'ਤੇ ਲੈਕਚਰ

ਜਲੰਧਰ (ਇਕਬਾਲ ਸਿੰਘ ਉੱਭੀ) ਪੀ ਸੀ ਐਮ ਐਸ ਡੀ ਕਾਲਜ ਫ਼ਾਰ ਵੂਮੈਨ ਦੀ ਹਿੰਦੀ ਸਾਹਿਤ ਧਾਰਾ ਨੇ ਬੀਏ ਅਤੇ ਬੀ ਐੱਡ ਦੇ ਵਿਦਿਆਰਥੀਆਂ ਲਈ 'ਹਿੰਦੀ ਸਾਹਿਤ ਦੇ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ' ਵਿਸ਼ੇ 'ਤੇ ਗੈਸਟ ਲੈਕਚਰ ਦਾ ਆਯੋਜਨ ਕੀਤਾ। ਡਾ: ਅਨਿਲ ਕੁਮਾਰ ਪਾਂਡੇ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਹਿੰਦੀ ਦੇ ਸਹਾਇਕ ਪ੍ਰੋਫੈਸਰ ਨੇ ਭਾਸ਼ਾ ਅਤੇ ਸਾਹਿਤ ਅਧਿਐਨ ਵਿਚ ਮਾਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਵਿਸ਼ੇ 'ਤੇ ਆਪਣੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਭਾਸ਼ਾ ਅਤੇ ਸਾਹਿਤ ਨਾਲ ਸਬੰਧਤ ਖੇਤਰਾਂ ਜਿਵੇਂ ਕਿ ਰੇਡੀਓ ਅਤੇ ਟੈਲੀਵਿਜ਼ਨ ਵਿੱਚ ਰੁਜ਼ਗਾਰ ਦੇ ਭਰਪੂਰ ਮੌਕਿਆਂ ਨੂੰ ਉਜਾਗਰ ਕੀਤਾ, ਜਿੱਥੇ ਹਿੰਦੀ ਅਤੇ ਪੰਜਾਬੀ ਦੀ ਸਹੀ ਵਰਤੋਂ ਕਰਨ ਵਾਲਿਆਂ ਦੀ ਘਾਟ ਹੈ। ਉਸਨੇ ਪ੍ਰਕਾਸ਼ਨ, ਪਰੂਫ ਰੀਡਿੰਗ, ਇਸ਼ਤਿਹਾਰਬਾਜ਼ੀ ਅਤੇ ਇੱਥੋਂ ਤੱਕ ਕਿ ਯੂਟਿਊਬ ਵਰਗੇ ਖੇਤਰਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਦਾ ਵੀ ਜ਼ਿਕਰ ਕੀਤਾ। ਡਾ. ਪਾਂਡੇ ਨੇ ਕੁਝ ਸਮਰੱਥਾ ਵਿੱਚ ਭਾਸ਼ਾ ਅਤੇ ਸਾਹਿਤ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਅਤੇ ਦੱਸਿਆ ਕਿ ਕਿਵੇਂ ਸਲਾਹਕਾਰਾਂ ਤੋਂ ਮਾਰਗਦਰਸ਼ਨ ਲੈਣਾ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਕਰੀਅਰ ਦੇ ਮੌਕਿਆਂ ਲਈ ਰਾਹ ਪੱਧਰਾ ਕਰ ਸਕਦਾ ਹੈ। ਪ੍ਰੋਗਰਾਮ ਦੀ ਸਮਾਪਤੀ ਕਵਿਤਾ ਦੀਆਂ ਕੁਝ ਸਤਰਾਂ ਦੇ ਪਾਠ ਨਾਲ ਹੋਈ। ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਮੀਤ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕ ਕਮੇਟੀ ਦੇ ਮਾਣਯੋਗ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ ਪ੍ਰੋ. ਡਾ. ਪੂਜਾ ਪਰਾਸ਼ਰ ਨੇ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਵਿਭਾਗ ਦੀ ਸ਼ਲਾਘਾ ਕੀਤੀ।

ਲੁਟੇਰੇ ਫਰਵਾਲਾ ਦੇ ਪੈਟਰੋਲ ਪੰਪ ਦੇ ਸੇਲਜ਼ਮੈਨ ਕੋਲੋਂ ਨਗਦੀ ਖੋਹ ਕੇ ਫਰਾਰ

ਬਿਲਗਾ (ਵਿਜੇ ਕੁਮਾਰ)-ਥਾਣਾ ਬਿਲਗਾ ਨੇੜੇ ਪਿੰਡ ਫਰਵਾਲਾ ਦੇ ਬੱਸ ਅੱਡੇ ਕੋਲ ਐਚ.ਪੀ. ਹਮਾਰਾ ਪੈਟਰੋਲ ਪੰਪ ਤੋਂ ਦੋ ਮੋਟਰਸਾਇਕਲ ਸਵਾਰ ਲੁਟੇਰਿਆਂ ਵਲੋਂ ਪਿਸਟਲ ਦਿਖਾ ਕੇ 51680 ਰੁ: ਲੁੱਟਣ ਦਾ ਸਮਾਚਾਰ ਮਿਲਿਆ ਹੈ। ਇਸ ਸੰਬੰਧੀ ਓਮੇਸ਼ ਕੁਮਾਰ ਤਿਵਾੜੀ ਸੇਲਜ਼ਮੈਨ ਨੇ ਦੱਸਿਆ ਕਿ ਰਾਤ ਕਰੀਬ 8-30 ਗ੍ਰਾਹਕ ਨੂੰ ਤੇਲ ਪਾ ਕੇ ਬੈਠੇ ਹੀ ਸੀ ਕਿ ਇਨੇ ਨੂੰ ਨੂਰਮਹਿਲ ਸਾਈਡ ਤੋਂ ਦੋ ਅਣਪਛਾਤੇ ਵਿਆਕਤੀ ਜਿਨ੍ਹਾਂ ਦੇ ਮੂੰਹ ਬੰਨੇ ਹੋਏ ਸਨ ਅਤੇ ਜੇਬ ਵਿਚੋਂ ਪਿਸਤੋਲ ਕੱਢ ਕੇ ਪੈਸੇ ਦੀ ਮੰਗ ਕਰਨ ਲੱਗੇ। ਸੇਲਜਮੇਨ ਅਸ਼ੀਸ਼ ਮਿਸ਼ਰਾ ਦੇ ਹੱਥ ਵਿੱਚ ਫੜ੍ਹੇ 1500 ਰੁ: ਖੋਹ ਲਏ ਅਤੇ ਕਿਹਾ ਕਿ ਜੇਬ ਵਿਚੋਂ ਵੀ ਪੈਸੇ ਕੱਢ ਦੇ ਨਹੀਂ ਤਾਂ ਗੋਲੀ ਮਾਰ ਦਿਆਂਗੇ। ਮੈਂ ਡਰਦੇ ਨੇ ਜੇਬ ਵਿਚ ਪਾਏ 50180 ਰੁ: ਦੇ ਦਿੱਤੇ। ਤਿਵਾੜੀ ਨੇ ਦੱਸਿਆ ਕਿ ਲੁਟੇਰਿਆਂ ਨੇ ਸਾਨੂੰ ਦੋਵਾਂ ਨੂੰ ਦਫਤਰ ਅੰਦਰ ਜਾਣ ਨੂੰ ਕਿਹਾ ਜਦੋਂ ਅਸੀਂ ਦਫਤਰ ਅੰਦਰ ਗਏ ਤਾਂ ਇਕ ਹਵਾਈ ਫਾਇਰ ਕਰਕੇ ਉਹ ਭੱਜ ਗਏ। ਇਸ ਘਟਨਾ ਸਬੰਧੀ ਜਦੋਂ ਬਿਲਗਾ ਦੇ ਥਾਣਾ ਮੁੱਖੀ ਰਾਜੇਸ਼ ਠਾਕੁਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਲੁੱਟ ਤੋਂ ਕੁਝ ਸਮਾਂ ਬਾਅਦ ਹੀ ਫੋਨ ਆਇਆ ਸੀ ਤਾਂ ਪੁਲਸ ਤੁਰੰਤ ਉਥੇ ਪਹੁੰਚ ਗਈ। ਥਾਣਾ ਮੁੱਖੀ ਨੇ ਦੱਸਿਆ ਕਿ ਜਿਸ ਪਿਸਟਲ ਨਾਲ ਗੋਲੀ ਚਲਾਈ ਗਈ ਸੀ ਉਹ ਨਕਲੀ ਸੀ ਤੇ ਨਕਲੀ ਗੋਲੀ ਦਾ ਪਲਾਸਟਿਕ ਦਾ ਕਵਰ ਬਰਾਮਦ ਕਰ ਲਿਆ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਕ ਦਿਨ ਪਹਿਲਾਂ ਹੀ ਨੂਰਮਹਿਲ ਵਿਖੇ ਵੀ ਇਕ ਪੈਟਰੋਲ ਪੰਪ ਤੋਂ 45500 ਰੁ: ਲੁਟੇਰਿਆਂ ਵਲੋਂ ਲੁੱਟੇ ਗਏ ਸਨ। ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਦੋਨਾਂ ਪੰਪਾਂ ਦੀ ਲੁੱਟ ਵਿੱਚ ਹਿਈ ਦੋਵੇਂ ਅਣਪਛਾਤੇ ਵਿਆਕਤੀ ਹਨ । ਪੁਲਸ ਸੀਸੀਟੀਵੀ ਕੈਮਰੇ ਖੰਗਾਲ ਰਹੀ ਹੈ।

ਕਤਲਾਂ ਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ 'ਤੇ ਆਪ ਆਗੂ ਚੁੱਪ ਕਿਉਂ : ਨੀਤੀ ਤਲਵਾੜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਛੋਟੀਆਂ-ਛੋਟੀਆਂ ਗੱਲਾਂ 'ਤੇ ਧਰਨੇ-ਮੁਜ਼ਾਹਰੇ ਕਰਨ ਵਾਲੇ ਅਤੇ ਹੰਗਾਮਾ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਆਗੂ ਹੁਣ ਪੰਜਾਬ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਅਤੇ ਨਿੱਤ ਵਾਪਰ ਰਹੀਆਂ ਕਤਲਾਂ-ਲੁੱਟਾਂ ਦੀਆਂ ਘਟਨਾਵਾਂ 'ਤੇ ਚੁੱਪ ਕਿਉਂ ਹਨ? ਪੰਜਾਬ ਦੇ ਲੋਕ ਉਹਨਾਂ ਤੋਂ ਜਵਾਬ ਮੰਗ ਰਹੇ ਹਨ ਅਤੇ ਅੱਜ ਪੰਜਾਬ ਦੇ ਹਾਲਾਤਾਂ ਲਈ ਆਪ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਇਹ ਗੱਲ ਅਕਾਲੀ ਆਗੂ ਨੀਤੀ ਤਲਵਾੜ ਨੇ ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਗੜ ਰਹੇ ਹਾਲਾਤਾਂ ਦੀ ਜ਼ਿੰਮੇਵਾਰੀ ਲੈਣ ਦੀ ਬਜਾਏ ਆਪ ਆਗੂ ਅਤੇ ਉਨ੍ਹਾਂ ਦੇ ਚਹੇਤੇ ਹੁਣ ਸੱਤਾ ਦੀ ਖੁਸ਼ੀ ਲਈ ਪੰਜਾਬ ਦੇ ਹੱਕਾਂ ਨੂੰ ਦਿੱਲੀ ਦੇ ਆਕਾਵਾਂ ਕੋਲ ਵੇਚਣ 'ਤੇ ਲੱਗੇ ਹੋਏ ਹਨ। ਇਸ ਦੇ ਉਲਟ ਪੰਜਾਬ ਦੇ ਹਾਲਾਤਾਂ ਨੂੰ ਦੇਖਦਿਆਂ ਸੂਬੇ ਦੇ ਲੋਕਾਂ ਨੇ ਆਪ ਨੂੰ ਇੱਥੋਂ ਬਾਹਰ ਕਰਨ ਦਾ ਮਨ ਬਣਾ ਲਿਆ ਹੈ ਅਤੇ ਇਨ੍ਹਾਂ ਲੋਕ ਸਭਾ ਚੋਣਾਂ 'ਚ ਆਪ ਖੁਦ ਸ਼ੀਸ਼ੇ 'ਚ ਦੇਖੇਗੀ ਕਿ ਧੋਬਾਧੜੀ ਵਰਗੀਆਂ ਚਾਲਾਂ ਕੰਮ ਨਹੀਂ ਆਉਂਦੀਆਂ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਅਕਾਲੀ ਦਲ ਦੇ ਨਾਲ ਹਨ ਅਤੇ ਅਕਾਲੀ ਦਲ ਦੇ ਸਾਰੇ ਉਮੀਦਵਾਰ ਵੱਡੀ ਜਿੱਤ ਦਰਜ ਕਰਕੇ ਸੰਸਦ ਵਿੱਚ ਪੁੱਜਣਗੇ।

ਤੀਸਰੀ ਵਿਸ਼ਾਲ ਚੌਕੀ 12 ਨੂੰ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਿੱਧ ਜੋਗੀ ਨਾਥ ਸੇਵਾ ਕਲੱਬ ਅਤੇ ਸਮੂਹ ਸੰਗਤ ਦੇ ਸਹਿਯੋਗ ਦੇ ਨਾਲ ਸਿੱਧ ਸ਼੍ਰੀ ਬਾਬਾ ਬਾਲਕ ਨਾਥ ਦੇ ਅਸ਼ੀਰਵਾਦ ਸਦਕਾ ਤੀਸਰੀ ਵਿਸ਼ਾਲ ਚੌਕੀ ਗੋਮਤੀ ਨਾਥ ਮੰਦਰ ਵਿਖੇ 12 ਮਈ ਦਿਨ ਐਤਵਾਰ ਨੂੰ ਕਰਵਾਈ ਜਾਵੇਗੀ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬਾਬਾ ਜੀ ਦੇ ਸੇਵਕ ਦਾਸ ਮਹੇਸ਼ ਸਾਜਨ ਅਤੇ ਸਿੱਧ ਜੋਗੀ ਨਾਥ ਸੇਵਾ ਕਲੱਬ ਦੇ ਸਮੂਹ ਮੈਂਬਰ ਸਾਹਿਬਾਨਾਂ ਨੇ ਦੱਸਿਆ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਗਤ ਦੇ ਸਹਿਯੋਗ ਦੇ ਨਾਲ ਗੋਮਤੀਨਾਥ ਮੰਦਰ ਰਾਹੋਂ ਰੋਡ ਵਿਖੇ ਸਿੱਧ ਸ੍ਰੀ ਬਾਬਾ ਬਾਲਕ ਨਾਥ ਦੀ ਵਿਸ਼ਾਲ ਚੌਕੀ ਕਰਵਾਈ ਜਾਵੇਗੀ ਇਸ ਮੌਕੇ 9 ਵਜੇ ਸਵੇਰੇ ਪੂਜਾ ਅਤੇ 10 ਵਜੇ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪੰਜਾਬ ਦੇ ਮਸ਼ਹੂਰ ਕਲਾਕਾਰ ਨਰੇਸ਼ ਕੈਂਥ ਬਲਜਿੰਦਰ ਬੈਂਸ ਵਿਜੇ ਸੂਫੀ ਅਮਿਤ ਅਨਵਰ ਲੱਕੀ ਬਾਦਸ਼ਾਹ ਬਾਬਾ ਜੀ ਦਾ ਅਸ਼ੀਰਵਾਦ ਲੈਣ ਵਾਸਤੇ ਪਹੁੰਚਣਗੇ।ਵੱਖ-ਵੱਖ ਡੇਰਿਆਂ ਤੋਂ ਸੰਤ ਫਕੀਰ ਸੰਗਤਾਂ ਨੂੰ ਅਸ਼ੀਰਵਾਦ ਦੇਣ ਵਾਸਤੇ ਪਹੁੰਚ ਰਹੇ ਹਨ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜਨ ਚੇਤਨਾ ਮੁਹਿੰਮ 'ਚ ਹੋਵੇਗਾ ਸ਼ਾਮਲ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਆਲ ਬੀ ਬੀ ਐਮ ਬੀ ਰੀਟਾਇਰੀਜ ਯੂਨੀਅਨ ਨੰਗਲ ਯੁਨਿਟ ਦੀ ਮਹੀਨਾਵਾਰ ਮੀਟਿੰਗ ਹਰੀ ਮਿਤਲ ਦੀ ਪ੍ਰਧਾਨਗੀ ਹੇਠ ਗੰਗੂਵਾਲ ਵਿਖੇ ਹੋਈ, ਜਿਸ ਵਿੱਚ ਨੰਗਲ, ਗੰਗੂਵਾਲ, ਕੋਟਲਾ ਆਦਿ ਕੇਂਦਰਾਂ ਨਾਲ ਸਬੰਧਤ ਸਾਥੀ ਸ਼ਾਮਿਲ ਹੋਏ ਅਤੇ ਭਰਾਤਰੀ ਜਥੇਬੰਦੀ ਭਾਖੜਾ ਬਿਆਸ ਇੰਪਲਾਈਜ ਯੂਨੀਅਨ (ਏਟਕ) ਵੱਲੋਂ ਸਾਥੀ ਲਖਮੀ ਚੰਦ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਗੁਰਨਾਮ ਸਿੰਘ ਔਲਖ, ਸਾਥੀ ਮੋਹਨ ਲਾਲ ਸੈਣੀ, ਕਰਮ ਚੰਦ ਟੋਬਾ, ਲਖਮੀ ਚੰਦ, ਸੁੱਚਾ ਸਿੰਘ ਘਰੋਟੀਆਂ, ਹਰੀ ਮਿੱਤਲ ਕੋਟਲਾ, ਗਿਆਨੀ ਅਵਤਾਰ ਸਿੰਘ, ਕਿਸ਼ਨ ਸਿੰਘ ਅਟਾਰੀ, ਨਿਰਮਲ ਸਿੰਘ ਕੋਟਲਾ, ਰਾਮ ਲਾਲ, ਬਾਬਾ ਗਰੀਬ ਸਿੰਘ, ਸੁਸ਼ੀਲ ਕਮਾਰ ਆਦਿ ਨੇ ਸੰਬੋਧਨ ਕੀਤਾ। ਮੀਟਿੰਗ ਵਿੱਚ ਬੀ ਬੀ ਐਮ ਬੀ ਕਰਮਚਾਰੀਆਂ ਦੀਆਂ ਮੰਗਾਂ/ਸਮੱਸਿਆਵਾਂ ਅਤੇ ਇਹਨਾਂ ਪ੍ਰਤੀ ਪੰਜਾਬ ਸਰਕਾਰ ਅਤੇ ਬੀ ਬੀ ਐਮ ਬੀ ਬੋਰਡ ਦੇ ਰਵੱਈਏ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ । ਮੀਟਿੰਗ ਵਿੱਚ ਨੋਟ ਕੀਤਾ ਗਿਆ ਕਿ ਰੀਟਾਇਰੀਜ਼ ਅਤੇ ਮੁਲਾਜਮ ਵਰਗ ਪੰਜਾਬ ਸਰਕਾਰ ਦੀ ਟਾਲ ਮਟੋਲ ਦੀ ਨੀਤੀ ਅਤੇ ਕੇਂਦਰ ਸਰਕਾਰ ਦੀ ਪੇਨਸ਼ਨਰਜ, ਕਰਮਚਾਰੀ ਅਤੇ ਮਜਦੂਰ ਮਾਰੂ ਨੀਤੀ ਤੋਂ ਬਹੁਤ ਪ੍ਰੇਸ਼ਾਨ ਹੈ । ਇਸ ਲਈ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਪੰਜਾਬ ਮੁਲਾਜਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 5 ਮਈ, 2024 ਦੀ ਜਲੰਧਰ ਕਨਵੈਨਸ਼ਨ ਵਿੱਚ 15 ਮਈ ਤੋਂ 31 ਮਈ ਤੱਕ ਕੇਂਦਰ ਮੋਦੀ ਦੀ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਜਨ ਚੇਤਨਾ ਮੁਹਿੰਮ ਚਲਾਉਣ ਦੇ ਫੈਸਲੇ ਅਨੁਸਾਰ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੇਗੀ ਤਾਂ ਕਿ ਆਮ ਲੋਕਾਂ ਨੂੰ ਮੋਦੀ ਸਰਕਾਰ ਦੀਆਂ ਮਜਦੂਰ ਅਤੇ ਕਿਸਾਨ ਮਾਰੂ, ਅਡਾਨੀ ਅੰਬਾਨੀ ਧੰਨਾਡਾਂ ਪੱਖੀ ਫਿਰਕੂ ਅਤੇ ਹਿਟਲਰਸ਼ਾਹੀ ਨੀਤੀਆਂ ਅਤੇ ਪੰਜਾਬ ਸਰਕਾਰ ਦੀ ਟਾਲ ਮਟੋਲ ਦੀਆਂ ਨੀਤੀਆਂ ਵਿਰੁੱਧ ਜਾਗਰਤ ਕੀਤਾ ਜਾ ਸਕੇ।

ਬਕਾਇਦਾ ਮਤਾ

10-May-PAGE-9.qxd 5/9/2024 10:54 PM Page 1

ਕੌਸ਼ਲ, ਸੌਰਵ ਚੌਧਰੀ ਗੈਂਗ ਦੇ ਮੈਂਬਰਾਂ ਨੂੰ ਪੰਜ ਪਿਸਟਲਾਂ ਤੇ ਰੌਂਦਾਂ ਸਮੇਤ ਕੀਤਾ ਕਾਬੂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸੁਰੇਂਦਰ ਲਾਂਬਾ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਸਰਬਜੀਤ ਸਿੰਘ ਬਾਹੀਆਂ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ, ਸ਼ਿਵਦਰਸ਼ਨ ਸਿੰਘ ਸੰਧੂ ਉਪ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਪਰਮਿੰਦਰ ਸਿੰਘ ਮੰਡ ਉਪ ਪੁਲਸ ਕਪਤਾਨ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਅਤੇ ਸਬ ਇੰਸਪੈਕਟਰ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਮਾਹਿਲਪੁਰ ਅਧੀਨ ਵਿਸ਼ੇਸ਼ ਟੀਮ ਵੱਲੋਂ 11 ਫਰਵਰੀ 2024 ਚਾਵਲਾ ਕਲਾਥ ਹਾਊਸ ਅਤੇ 4 ਮਾਰਚ 2024 ਪਿੰਡ ਬੁੰਗਰਾਂ ਵਿੱਚ ਕੌਸ਼ਲ/ਸੌਰਵ ਚੌਧਰੀ ਗੈਂਗ ਦੇ ਮੈਂਬਰਾਂ ਵੱਲੋਂ 5 ਕਰੋੜ ਦੀ ਫਿਰੌਤੀ ਦੀ ਮੰਗ ਕਰਨ ਵਾਲੇ ਗੈਂਗ ਦੇ ਮੈਂਬਰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੀਨੀਅਰ ਪੁਲਸ ਕਪਤਾਨ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ 11 ਫਰਵਰੀ ਨੂੰ ਕਸਬਾ ਮਾਹਿਲਪੁਰ ਵਿੱਚ ਚਾਵਲਾ ਕਲਾਥ ਹਾਊਸ ਦੀ ਕੱਪੜੇ ਦੀ ਦੁਕਾਨ 'ਤੇ ਤਿੰਨ ਦੋਸ਼ੀਆਂ ਵੱਲੋਂ 5 ਕਰੋੜ ਦੀ ਫਿਰੌਤੀ ਲੈਣ ਲਈ ਕੌਸ਼ਲ/ਸੌਰਵ ਚੌਧਰੀ ਦੇ ਕਹਿਣ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਫਾਇਰਿੰਗ ਕਰਨ ਤੋਂ ਬਾਅਦ ਸਾਰੇ ਕਥਿਤ ਦੋਸ਼ੀ ਕੋਟਫਤੂਹੀ ਸਾਈਡ ਨੂੰ ਇੱਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਚਲੇ ਗਏ ਜੋ ਕਿ ਪਿੰਡ ਪੰਜੌੜੇ ਵਿੱਚ ਵਾਰਦਾਤ ਸਮੇਂ ਵਰਤਿਆ ਮੋਟਰਸਾਈਕਲ ਸੁੱਟ ਕੇ ਇੱਕ ਚਿੱਟੇ ਰੰਗ ਦੀ ਸਵਿਫਟ ਕਾਰ ਵਿੱਚ ਫਗਵਾੜਾ ਸਾਈਡ ਨੂੰ ਫਰਾਰ ਹੋ ਗਏ। ਉਨ੍ਹਾ ਦੱਸਿਆ ਕਿ ਕਥਿਤ ਦੋਸ਼ੀਆਂ ਖਿਲਾਫ ਅਸਲਾ ਐਕਟ ਥਾਣਾ ਮਾਹਿਲਪੁਰ ਵਿਖੇ ਮਾਮਲਾ ਰਜਿਸਟਰ ਕੀਤਾ ਗਿਆ। ਉਪਰੋਕਤ ਵਾਰਦਾਤ ਹੋਣ ਤੋਂ ਬਾਅਦ ਉਪਰੋਕਤ ਦੁਕਾਨ ਮਾਲਕ ਦੇ ਵਿਦੇਸ਼ ਅਮਰੀਕਾ ਵਿੱਚ ਸਥਿਤ ਘਰ ਵਿੱਚ ਵੀ ਅਣਪਛਾਤੇ ਵਿਅਕਤੀਆਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਉਪਰੋਕਤ ਵਾਰਦਾਤ ਤੋਂ ਕੁਝ ਸਮੇਂ ਬਾਅਦ ਉਨ੍ਹਾਂ ਦੇ ਜਾਣਕਾਰ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਬੁੰਗਰਾ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਅਮਰੀਕਾ ਦੇ ਘਰ ਵੀ ਅਣਪਛਾਤੇ ਕਥਿਤ ਦੋਸ਼ੀ ਵੱਲੋਂ ਚਿੱਟੇ ਰੰਗ ਦੀ ਸਵਿਫਟ ਡਿਜ਼ਾਇਰ ਕਾਰ ਵਿੱਚ ਸਵਾਰ ਹੋ ਕੇ ਅੰਨ੍ਹੇਵਾਹ ਫਾਈਰਿੰਗ ਕੀਤੀ ਗਈ ਸੀ। ਜਿਸ 'ਤੇ ਕਥਿਤ ਦੋਸ਼ੀਆਂ ਖਿਲਾਫ ਥਾਣਾ ਮਾਹਿਲਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ਤੇ ਉਪਰੋਕਤ ਦੋਵੇਂ ਕੇਸਾਂ ਦੀ ਡੂੰਘਾਈ ਨਾਲ ਤਫਤੀਸ਼ ਕਰਨ ਲਈ ਸਰਬਜੀਤ ਸਿੰਘ ਬਾਹੀਆਂ ਪੁਲਸ ਕਪਤਾਨ ਤਫਤੀਸ਼ ਦੀ ਨਿਗਰਾਨੀ ਹੇਠ ਸਪੈਸ਼ਲ ਟੀਮ ਦਾ ਗਠਨ ਕੀਤਾ ਗਿਆ। ਜੋ ਉਕਤ ਟੀਮ ਨੇ ਜਾਂਚ ਕਰਦੇ ਹੋਏ 11 ਮਾਰਚ ਨੂੰ ਉਪਰੋਕਤ ਵਾਰਦਾਤਾਂ ਵਿੱਚ 4 ਮਾਰਚ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸ਼ੂਟਰਾਂ ਤੇ ਉਨ੍ਹਾਂ ਕੋਲ ਅਸਲੇ ਨੂੰ ਇੱਕ ਸਥਾਨ ਤੋਂ ਦੂਸਰੇ ਸਥਾਨ 'ਤੇ ਆਪਣੀ ਸਵਿਫਟ ਕਾਰ ਵਿੱਚ ਪੁਹੰਚਾਉਣ ਵਾਲੇ 2 ਦੋਸ਼ੀ ਗੁਰਜਿੰਦਰ ਸਿੰਘ ਉਰਫ ਗਾਂਧੀ ਉਰਫ ਸੋਨੂੰ ਅਤੇ ਸਿਮਰਬੀਰ ਸਿੰਘ ਉਰਫ ਸਫੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।

ਗੁਰਜਿੰਦਰ ਸਿੰਘ ਉਰਫ ਗਾਂਧੀ ਉਰਫ ਸੋਨੂੰ ਉਕਤ ਜਲੰਧਰ ਕਮਿਸ਼ਨਰੇਟ ਪੁਲਸ ਨੂੰ ਮੁੱਕਦਮਾ ਨੰਬਰ 253 ਅਸਲਾ ਐਕਟ ਥਾਣਾ ਨਵੀਂ ਬਰਾਂਦਰੀ ਵਿੱਚ ਲੋੜੀਂਦਾ ਸੀ, ਜਿਸ ਵਿੱਚ ਉਨ੍ਹਾਂ ਨੇ ਡੈਲਟਾ ਚੈਂਬਰ ਵਿੱਚ ਉਪਰੋਕਤ ਗੈਂਗ ਦੇ ਕਹਿਣ 'ਤੇ 5 ਕਰੋੜ ਦੀ ਫਿਰੌਤੀ ਲੈਣ ਲਈ ਇੱਕ ਟਰੈਵਲ ਏਜੰਟ ਦੀ ਗੱਡੀ 'ਤੇ ਗੋਲੀਆਂ ਚਲਾਈਆਂ ਸਨ। ਜੋ ਉਕਤ ਕੇਸ ਵਿੱਚ ਮੇਨ ਸ਼ੂਟਰ ਸੀ ਤੇ ਜੋ ਅਜੇ ਤੱਕ ਟਰੇਸ ਕਰਨਾ ਬਾਕੀ ਸੀ। ਗੁਰਜਿੰਦਰ ਸਿੰਘ ਉਰਫ ਗਾਂਧੀ ਉਰਫ ਸੋਨੂੰ ਉਕਤ ਦੇ ਕੀਤੇ ਹੋਏ ਫਰਦ ਇੰਕਸ਼ਾਫ ਮੁਤਾਬਕ ਹੀ ਉਪਰੋਕਤ ਵਾਰਦਾਤ ਲੋੜੀਂਦੇ ਦਸੂਰੇ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਪੀਤੀ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਅਖਾੜਾ ਜ਼ਿਲ੍ਹਾ ਲੁਧਿਆਣਾ (ਜਗਰਾਓਂ) ਨੂੰ ਵੀ ਟਰੇਸ ਕੀਤਾ ਗਿਆ। ਜਿਸ ਉਪਰੰਤ ਉਪਰੋਕਤ ਟੀਮ ਨੇ ਅੱਗੇ ਤਫਤੀਸ਼ ਕਰਦੇ ਹੋਏ 11 ਫਰਵਰੀ 2024 ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਬਨਵਾਰੀ ਲਾਲ ਉਕਤ ਨੂੰ ਰੋਪੜ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਤੇ ਜਿਸ ਦੀ ਨਿਸ਼ਾਨਦੇਹੀ 'ਤੇ ਉਪਰੋਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਥਿਤ ਦੋਸ਼ੀ ਪ੍ਰਦੀਪ ਕੁਮਾਰ ਉਰਫ ਬੰਟੂ ਉਕਤ ਨੂੰ ਬਿਜ਼ਨੌਰ ਉੱਤਰ ਪ੍ਰਦੇਸ਼ ਤੋਂ, ਬਣਵਾਰੀ ਲਾਲ ਨੂੰ ਉਪਰੋਕਤ ਗੈਂਗ ਨਾਲ ਜੋੜਨ ਵਾਲੇ ਦੋਸ਼ੀ ਘਨਸ਼ਾਮ ਵਿਸ਼ਵਕਰਮਾ ਨੂੰ ਕੌਸ਼ੰਬੀ ਉੱਤਰ ਪ੍ਰਦੇਸ਼ ਤੋਂ ਵੱਖ-ਵੱਖ ਮਿਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਦੌਰਾਨੇ ਤਫਤੀਸ਼ ਵਾਰਦਾਤ ਵਿੱਚ ਵਰਤੇ 2 ਪਿਸਟਲ 32 ਬੋਰ ਪ੍ਰਦੀਪ ਕੁਮਾਰ ਉਰਫ ਬੰਟੂ ਉਕਤ ਪਾਸੋਂ ਬਰਾਮਦ ਹੋਏ। ਇਹਨਾਂ ਪਾਸੋਂ ਪੁੱਛਗਿੱਛ ਕੀਤੀ ਗਈ ਤੇ ਇਹ ਗੱਲ ਸਾਹਮਣੇ ਆਈ ਕਿ ਕੌਸ਼ਲ/ਸੌਰਵ ਚੌਧਰੀ ਵੱਲੋਂ ਪੰਜਾਬ ਦੇ ਜਿਲ੍ਹਾ ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਇਹ ਵਾਰਦਾਤਾਂ ਡੂਬਈ ਵਿੱਚ ਬੈਠੇ ਆਪਣੇ ਸਾਥੀ ਪਵਨ ਕੁਮਾਰ ਉਰਫ ਸੋਨੂੰ ਪੁੱਤਰ ਵਿਨੋਦ ਕੁਮਾਰ ਵਾਸੀ ਮਕਾਨ ਨੰਬਰ 182, ਪੰਨਾ ਵਿਚਲੀ ਗਲੀ ਮੰਗੋਲਪੁਰ ਕਲਾਂ ਥਾਣਾ ਸਾਊਥ ਰੋਹਿਣੀ ਜ਼ਿਲ੍ਹਾ ਰੋਹਿਣੀ ਸਟੇਟ ਦਿੱਲੀ ਅਤੇ ਗੁਰਦੀਪ ਸਿੰਘ ਉਰਫ ਦੀਪਾ ਪੁੱਤਰ ਦਰਸ਼ਨ ਸਿੰਘ ਵਾਸੀ ਫਲਾਹੀ ਥਾਣਾ ਮੇਹਟੀਆਣਾ ਰਾਹੀਂ ਕਰਵਾਈਆਂ ਗਈਆਂ ਹਨ ਜੋ ਇਨ੍ਹਾਂ ਵਾਰਦਾਤਾਂ ਵਿੱਚ ਗੁਰਦੀਪ ਸਿੰਘ ਦੀ ਮਾਤਾ ਮਹਿੰਦਰ ਕੌਰ, ਕੌਸ਼ਲ਼ ਚੌਧਰੀ ਦੀ ਪਤਨੀ ਮਨੀਸ਼ਾ ਵੀ ਸ਼ਾਮਲ ਹਨ ਜੋ ਫਿਰੌਤੀ ਦਾ ਪੈਸਾ ਸੰਭਾਲਣ ਦਾ ਕੰਮ ਕਰਦੀਆਂ ਹਨ। ਉਪਰੋਕਤ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਗੁਰਦੀਪ ਸਿੰਘ ਨੇ ਆਪਣੇ ਸਾਥੀ ਜਗਦੀਪ ਸਿੰਘ ਉਰਫ ਦੌਲਾ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਮਜਾਰੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵੀ ਸਾਥ ਲਿਆ ਹੈ। ਜੋ ਜਗਦੀਪ ਸਿੰਘ ਉਰਫ ਦੌਲਾ ਉਕਤ ਨੇ ਦੋਵੇਂ ਵਾਰਦਾਤ ਕਰਨ ਵਾਲੇ ਸ਼ੂਟਰਾਂ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਆਪਣੀ ਸਵਿਫਟ ਕਾਰ ਤੇ ਥਾਰ ਕਾਰ ਦੀ ਵਰਤੋਂ ਕਰਕੇ ਟਰਾਂਸਫਰ ਕੀਤਾ ਹੈ ਤੇ ਜਿਸ ਪਾਸ ਵਾਰਦਾਤ ਵਿੱਚ ਵਰਤੇ ਕੁਝ ਹਥਿਆਰ ਵੀ ਮੌਜੂਦ ਹਨ। ਉਨ੍ਹਾ ਦੱਸਿਆ ਕਿ 5 ਮਈ 2024 ਨੂੰ ਉਪਰੋਕਤ ਮੁੱਕਦਮੇ ਵਿੱਚ ਕੁਲਦੀਪ ਸਿੰਘ ਉਰਫ ਕੁਲਦੀਪ ਠਾਕੁਰ ਉਕਤ ਨੂੰ ਤਿਹਾੜ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਗ੍ਰਿਫਤਾਰ ਕੀਤਾ ਹੈ ਤੇ ਜਿਸ ਦੇ ਕੀਤੇ ਹੋਏ ਇੰਕਸ਼ਾਫ ਮੁਤਾਬਕ ਉਸ ਪਾਸੋਂ 2 ਪਿਸਟਲ 32 ਬੋਰ ਤੇ ਇੱਕ ਰਿਵਾਲਬਰ 32 ਬੋਰ ਸਮੇਤ ਰੌਂਦ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ। ਉਨ੍ਹਾ ਦੱਸਿਆ ਕਿ 11 ਫਰਵਰੀ 2024 ਦੀ ਵਾਰਦਾਤ ਨੂੰ ਸ਼ੂਟਰ ਬਨਵਾਰੀ ਲਾਲ, ਪ੍ਰਦੀਪ ਕੁਮਾਰ ਉਰਫ ਬੰਟੂ ਅਤੇ ਕੁਲਦੀਪ ਸਿੰਘ ਉਰਫ ਕੁਲਦੀਪ ਠਾਕੁਰ ਅੰਜਾਮ ਦਿੱਤਾ ਸੀ ਤੇ 4 ਮਾਰਚ 2024 ਦੀ ਵਾਰਦਾਤ ਨੂੰ ਪ੍ਰਦੀਪ ਕੁਮਾਰ ਉਰਫ ਬੰਟੂ ਅਤੇ ਕੁਲਦੀਪ ਸਿੰਘ ਉਰਫ ਕੁਲਦੀਪ ਠਾਕੁਰ ਅੰਜਾਮ ਦਿੱਤਾ ਸੀ।

ਆਈ ਵੀ ਵਰਲਡ ਸਕੂਲ 'ਚ ਮਾਂ ਦਿਹਾੜਾ ਮਨਾਇਆ

ਜਲੰਧਰ (ਇਕਬਾਲ ਸਿੰਘ ਉਭੀ) - ਰਾਮਾਂ ਮੰਡੀ - ਹੁਸ਼ਿਆਰਪੁਰ ਮਾਰਗ 'ਤੇ ਸਥਿਤ ਆਈ ਵੀ ਵਰਲਡ ਸਕੂਲ ਵਿਚ "ਮਾਂ ਦਿਹਾੜਾ" ਮਨਾਇਆ ਗਿਆ। ਸਕੂਲ ਵਲੋਂ ਮਾਂ ਦਾ ਦਿਨ ਉਸ ਅਨਮੋਲ ਹਸਤੀ ਦੇ ਨਾਂਅ ਸਮਰਪਿਤ ਕੀਤਾ ਗਿਆ ਜਿਸ ਦੇ ਨਾਲ਼ ਸਭ ਦਾ ਵਜੂਦ ਹੁੰਦਾ ਹੈ। ਮਾਂ ਦੇ ਪਿਆਰ ਅਤੇ ਕੀਤੀਆਂ ਕੁਰਬਾਨੀਆਂ ਲਈ ਧੰਨਵਾਦ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਇਸ ਮੌਕੇ ਆਈਵੀਅਨਜ਼ ਨੇ ਆਪਣੀਆਂ ਮਾਂਵਾਂ ਲਈ ਧੰਨਵਾਦ ਦੇ ਰੂਪ ਵਿੱਚ ਆਪਣੇ ਹੱਥੀਂ ਕਾਰਡ ਬਣਾ ਕੇ ਉਹਨਾਂ ਨੂੰ ਦਿੱਤੇ। ਸਕੂਲ ਦੁਆਰਾ ਇਸ ਮੌਕੇ ਮਾਂਵਾਂ ਲਈ ਵੱਖ-ਵੱਖ ਮਜ਼ੇਦਾਰ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਜਿਹਨਾਂ ਵਿੱਚੋਂ ਰੈਂਪ ਵਾਕ ਮੁੱਖ ਸੀ। ਇਹ ਦਿਨ ਹਰ ਮਾਂ ਲਈ ਅਤੇ ਬੱਚੇ ਲਈ ਬਹੁਤ ਹੀ ਯਾਦਗਾਰੀ ਪਲ ਹੋ ਨਿਬੜਿਆ, ਜਦ ਬੱਚਿਆਂ ਨੇ ਆਪਣੀਆਂ ਮਾਂਵਾਂ ਦੀਆਂ ਕੁਰਬਾਨੀਆਂ ਨੂੰ ਸਿਹਲਾਇਆ ਤੇ ਉਹਨਾਂ ਦੇ ਦਿਲਾਂ ਉੱਤੇ ਅਮਿੱਟ ਛਾਪ ਛੱਡੀ।

ਵਾਸਲ ਐਜੂਕੇਸ਼ਨ ਦੇ ਪ੍ਰਧਾਨ ਕੇ. ਕੇ. ਵਾਸਲ, ਚੇਅਰਮੈਨ ਸੰਜੀਵ ਵਾਸਲ, ਮੀਤ ਪ੍ਰਧਾਨ ਸ਼੍ਰੀਮਤੀ ਈਨਾ ਵਾਸਲ, ਸੀ.ਈ.ਓ. ਰਾਘਵ ਵਾਸਲ ਅਤੇ ਡਾਇਰੈਕਟਰ ਸ਼੍ਰੀਮਤੀ ਅਦਿੱਤੀ ਵਾਸਲ ਨੇ ਨੰਨ੍ਹੇ ਬੱਚਿਆਂ ਦੀਆਂ ਮਾਂਵਾਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਸਕੂਲ ਉਹਨਾਂ ਦੇ ਬੱਚਿਆਂ ਦੇ ਸਰਵ-ਪੱਖੀ ਵਿਕਾਸ ਲਈ ਹਮੇਸ਼ਾ ਹੀ ਵਚਨਬੱਧ ਰਹੇਗਾ। ਸਕੂਲ ਦੇ ਪ੍ਰਿੰਸੀਪਲ ਨੇ ਆਈਵੀ ਸਕੂਲ ਦੇ ਬੱਚਿਆਂ ਦੀਆਂ ਮਾਂਵਾਂ ਨੂੰ ਮਾਂ-ਦਿਹਾੜੇ ਦੀ ਵਧਾਈ ਦਿੱਤੀ ਅਤੇ ਸਕੂਲ ਨੂੰ ਉਹਨਾਂ ਦੁਆਰਾ ਦਿੱਤੇ ਸਹਿਯੋਗ ਦੀ ਸ਼ਲਾਘਾ ਕੀਤੀ।

ਜੋਗਿੰਦਰ ਸਿੰਘ ਮਾਨ ਨੇ ਖੁਰਮਪੁਰ 'ਚ ਵੋਟਰਾਂ ਨਾਲ ਕੀਤਾ ਰਾਬਤਾ

ਫਗਵਾੜਾ : ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪਿੰਡ ਖੁਰਮਪੁਰ ਵਿਖੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਉੱਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਦੇ ਹੱਕ 'ਚ ਮੀਟਿੰਗ ਕਰਦਿਆਂ ਵੋਟਰਾਂ ਨਾਲ ਰਾਬਤਾ ਕੀਤਾ। ਇਸ ਦੌਰਾਨ ਉਹਨਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਲੋਕ ਸਭਾ ਚੋਣਾਂ ਖਤਮ ਹੋਣ ਤੋਂ ਬਾਅਦ ਪਿੰਡ ਦਾ ਸਮੁੱਚਾ ਵਿਕਾਸ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਪਿਛਲੇ ਦੋ ਸਾਲਾਂ 'ਚ ਸੂਬੇ ਦਾ ਸਰਬ ਪੱਖੀ ਵਿਕਾਸ ਕਰਵਾਇਆ ਹੈ ਪਰ ਕੇਂਦਰ ਤੋਂ ਵਿਕਾਸ ਲਈ ਮਿਲਣ ਵਾਲੀਆਂ ਗਰਾਂਟਾਂ 'ਚ ਮੋਦੀ ਸਰਕਾਰ ਅੜਿੱਕਾ ਪਾਉਂਦੀ ਹੈ। ਇਸ ਲਈ ਜੇਕਰ ਹਲਕੇ ਦਾ ਮੈਂਬਰ ਪਾਰਲੀਮੈਂਟ ਵੀ ਆਪ ਪਾਰਟੀ ਦਾ ਹੋਵੇਗਾ ਅਤੇ ਕੇਂਦਰ ਵਿਚ ਆਮ ਆਦਮੀ ਪਾਰਟੀ ਦੇ ਭਾਈਵਾਲ ਇੰਡੀਆ ਗਠਜੋੜ ਦੀ ਸਰਕਾਰ ਬਣੇਗੀ ਤਾਂ ਰੰਗਲਾ ਪੰਜਾਬ ਬਨਾਉਣ ਦਾ ਭਗਵੰਤ ਮਾਨ ਸਰਕਾਰ ਦਾ ਟੀਚਾ ਬਹੁਤ ਜਲਦੀ ਪੂਰਾ ਹੋਵੇਗਾ। ਉਹਨਾਂ ਸਮੂਹ ਪਿੰਡ ਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ 1 ਜੂਨ ਨੂੰ ਸਾਰੇ ਕੰਮ ਛੱਡ ਕੇ ਸਭ ਤੋਂ ਪਹਿਲਾਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਡਾ. ਰਾਜਕੁਮਾਰ ਚੱਬੇਵਾਲ ਦੇ ਹੱਕ 'ਚ ਝਾੜੂ ਦੇ ਚੋਣ ਨਿਸ਼ਾਨ ਨੂੰ ਵੋਟ ਪਾਈ ਜਾਵੇ। ਹਾਜਰੀਨ ਨੂੰ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਅਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ ਅਤੇ ਡਾ. ਰਾਜਕੁਮਾਰ ਚੱਬੇਵਾਲ ਨੂੰ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਵੱਡੀ ਲੀਡ ਦੁਆਉਣ ਦੀ ਅਪੀਲ ਕੀਤੀ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ, ਯੂਥ ਵਾਈਸ ਪ੍ਰਧਾਨ ਜਤਿੰਦਰ ਸਿੰਘ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਰਵੀ ਖਾਟੀ, ਅਮਰੀਕ ਸਿੰਘ, ਜਸਕਰਨ ਸਿੰਘ, ਰਣਜੋਧ ਸਿੰਘ, ਬਲਕਾਰ ਸਿੰਘ, ਜਸਪ੍ਰੀਤ ਸਿੰਘ, ਰਵਿੰਦਰ ਸਿੰਘ, ਕਮਲਜੀਤ, ਇੰਦਰਜੀਤ ਸਿੰਘ, ਹਰਦੇਵ ਸਿੰਘ, ਮਨਜੀਤ ਸਿੰਘ, ਸੰਤੋਖ ਸਿੰਘ ਆਦਿ ਹਾਜਰ ਸਨ।

ਮੱਸਿਆ ਦੇ ਸੰਬੰਧ 'ਚ ਮਹੀਨਾਵਾਰੀ ਧਾਰਮਿਕ ਸਮਾਗਮ ਕਰਵਾਇਆ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)-ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਵਿਖੇ ਮੱਸਿਆ ਦੇ ਦਿਹਾੜੇ ਨੂੰ ਸਮਰਪਿਤ ਮਹੀਨਾਵਾਰੀ ਧਾਰਮਿਕ ਸਮਾਗਮ ਕਰਵਾਇਆ ਗਿਆ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਮੁੱਖ ਸੇਵਾਦਾਰ ਪੰਥ ਰਤਨ ਸਿੰਘ ਸਾਹਿਬ ਜਿੰਦਾ ਸ਼ਹੀਦ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲਿਆਂ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਕਰਵਾਈ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ 6 ਮਈ ਤੋਂ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਤੇ ਪਿਛਲੇ ਦਿਨਾਂ ਤੋਂ ਆਰੰਭ ਕੀਤੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਸੰਗਤ ਨੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦੇ ਹੋਏ ਆਪਣੀ ਹਾਜ਼ਰੀ ਲਗਵਾਈ ਉੱਥੇ ਹੀ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਵੀ ਕੀਤੇ। ਇਸ ਸਮੇਂ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਸੰਤ ਬਾਬਾ ਹਰਭਜਨ ਸਿੰਘ ਸੋਤਲੇ ਵਾਲੇ, ਭਾਈ ਕੁਲਵਿੰਦਰ ਸਿੰਘ ਕੰਗਮਾਈ ਵਾਲੇ, ਭਾਈ ਘਰਜੋਤ

10-MAY-PAGE-10.qxd 5/9/2024 10:43 PM Page 1

ਡੀ ਟੀ ਐੱਫ ਨੇ ਅਧਿਆਪਕਾਂ ਦੇ ਮਸਲਿਆਂ ਨੂੰ ਲੈ ਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਸੌਂਪਿਆ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਅਧਿਆਪਕਾਂ ਦੀ ਰੈਗੂਲਰਾਈਜ਼ੇਸ਼ਨ, ਤਰੱਕੀਆਂ, ਚੋਣ ਡਿਊਟੀਆਂ ਤੇ ਹੋਰ ਵਿਭਾਗੀ ਮਸਲਿਆਂ ਨੂੰ ਲੈ ਕੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਤੇ ਸਕੱਤਰ ਅਮੋਲਕ ਡੇਲੂਆਣਾ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀਮਤੀ ਭੁਪਿੰਦਰ ਕੌਰ ਨੂੰ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਡੀ ਟੀ ਐੱਫ ਦੇ ਵਫ਼ਦ ਨੇ ਜਿੱਥੇ ਯੋਗ ਪੀੜਤ ਅਧਿਆਪਕਾਂ ਦੀਆਂ ਚੋਣ ਡਿਊਟੀਆਂ ਕੱਟੇ ਜਾਣ ਦੀ ਮੰਗ ਕੀਤੀ, ਉੱਥੇ ਹੀ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਪਿਛਲੇ 13 ਸਾਲ ਤੋਂ ਨਿਗੂਣੀ ਤਨਖਾਹ 'ਤੇ ਸ਼ੋਸ਼ਣ ਦਾ ਸ਼ਿਕਾਰ 8886 ਅਸਾਮੀਆਂ ਨਾਲ ਸਬੰਧਤ ਅਧਿਆਪਕ ਨਰਿੰਦਰ ਭੰਡਾਰੀ (ਸਾਇੰਸ ਮਾਸਟਰ, ਜ਼ਿਲ੍ਹਾ ਕਪੂਰਥਲਾ) ਨੂੰ ਸਿੱਖਿਆ ਵਿਭਾਗ ਵੱਲੋਂ ਜਾਰੀ ਟਰਮੀਨੇਸ਼ਨ ਤਜਵੀਜ਼ (ਠੇਕਾ ਸਰਵਿਸ ਦੌਰਾਨ 8 ਸਾਲ ਪਹਿਲਾਂ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਦੇ ਗੈਰ ਵਾਜਿਬ ਹਵਾਲੇ ਨਾਲ) ਵਾਪਸ ਲੈ ਕੇ ਪੂਰੀ ਤਨਖਾਹ 'ਤੇ ਸੇਵਾ ਕਨਫਰਮ ਕੀਤੇ ਜਾਵੇ।ਪਿਛਲੇ 11 ਸਾਲਾਂ ਤੋਂ ਆਪਣੇ ਰੈਗੂਲਰ ਹੁਕਮਾਂ ਦੀ ਉਡੀਕ ਵਿੱਚ 3442 ਮਾਸਟਰ ਕਾਡਰ ਭਰਤੀ ਦੇ ਅਧਿਆਪਕ ਸ੍ਰੀ ਰਵਿੰਦਰ ਕੰਬੋਜ (ਸ.ਮਿ.ਸ. ਕਰਤਾਰਪੁਰ ਚਰਾਸੋਂ, ਜ਼ਿਲ੍ਹਾ ਪਟਿਆਲਾ) ਐੱਮ ਫਿਲ ਦੀ ਡਿਗਰੀ ਸੰਬੰਧਤ ਵਿਸ਼ੇ ਦੀ ਨਾ ਹੋਣ ਦੇ ਗੈਰ-ਵਾਜਿਬ ਹਵਾਲੇ ਨਾਲ ਰੋਕੇ ਰੈਗੂਲਰ ਆਰਡਰ ਰਿਲੀਜ਼ ਕੀਤੇ ਜਾਣ, ਭ੍ਰਿਸ਼ਟਾਚਾਰ ਤੇ ਵੱਡੀਆਂ ਬੇਨਿਯਮੀਆਂ ਲਈ ਦੋਸ਼ੀ ਬੀ.ਪੀ.ਈ.ਓ. ਜਖਵਾਲੀ (ਫਤਹਿਗੜ੍ਹ ਸਾਹਿਬ) ਨੂੰ ਫੌਰੀ ਜ਼ਿਲ੍ਹੇ ਵਿੱਚੋਂ ਬਾਹਰ ਤਬਦੀਲ ਕਰਨ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਤੌਰ 'ਤੇ ਮਰਜ਼ ਕੀਤਾ ਜਾਵੇ ਅਤੇ ਛੇਵਾਂ ਪੰਜਾਬ ਤਨਖ਼ਾਹ ਕਮਿਸ਼ਨ ਤੇ ਮਹਿੰਗਾਈ ਭੱਤੇ ਦੇ ਸਾਰੇ ਲਾਭ ਲਾਗੂ ਕੀਤੇ ਜਾਣ, ਈ.ਟੀ.ਟੀ., ਮਾਸਟਰ ਕਾਡਰ, ਲੈਕਚਰਾਰ, ਹੈੱਡਮਾਸਟਰ, ਪ੍ਰਿੰਸੀਪਲਾਂ, ਸੀ.ਐੱਡ.ਵੀ. ਤੇ ਨਾਨ-ਟੀਚਿੰਗ ਕਾਡਰਾਂ ਦੀਆਂ ਲਟਕੀਆਂ ਤਰੱਕੀਆਂ ਨੂੰ ਨੇਪਰੇ ਚਾੜ੍ਹਨ, ਸਿੱਖਿਆ ਵਿਭਾਗ ਦੇ ਸਾਰੇ ਕੱਚੇ ਮੁਲਾਜ਼ਮਾਂ (ਐੱਨ ਐੱਸ ਐੱਫ. ਕਿਊ) ਮੈਰੀਟੋਰੀਅਸ ਤੇ ਆਦਰਸ਼ ਸਕੂਲ ਅਧਿਆਪਕਾਂ, ਐਸੋਸੀਏਟ ਟੀਚਰ 'ਆਈਈਆਰਟੀ, ਸਮਗਰਾ ਅਧੀਨ ਦਫ਼ਤਰੀ ਕਰਮਚਾਰੀਆਂ) ਨੂੰ ਸਿੱਖਿਆ ਵਿਭਾਗ ਅਧੀਨ ਲਿਆ ਕੇ ਰੈਗੂਲਰ ਕਰਨ, ਸਰਵਿਸ ਪ੍ਰੋਵਾਇਡਰ, 5178, 3442, 7654 ਅਸਾਮੀਆਂ 'ਤੇ ਨਿਯੁਕਤ ਅਧਿਆਪਕਾਂ ਨੂੰ ਮੁੱਢਲੀ ਠੇਕਾ ਅਧਾਰਤ ਨਿਯੁਕਤੀ ਵਿਚਲੀ ਚੋਣ ਮੈਰਿਟ ਅਨੁਸਾਰ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਸਥਾਨ ਦੇਣ ਆਦਿ ਮੰਗਾਂ ਨੂੰ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਪਾਸ ਭੇਜਿਆ ਗਿਆ ਹੈ।

ਇਸ ਮੌਕੇ ਹਾਜ਼ਰ ਆਗੂਆਂ ਸੁਖਵੀਰ ਸਿੰਘ, ਗੁਰਦਾਸ ਸਿੰਘ ਗੁਰਨੇ, ਮੇਜਰ ਸਿੰਘ, ਪਰਮਜੀਤ ਸਿੰਘ ਬੱਪੀਆਣਾ, ਗੁਰਜੀਤ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਨਵੀਨ ਕੁਮਾਰ ਬੋਹਾ, ਸੁਖਵੀਰ ਸਿੰਘ ਸਰਦੂਲਗੜ੍ਹ, ਮਨੋਜ ਕੁਮਾਰ, ਗੁਰਪ੍ਰੀਤ ਸਿੰਘ ਵੀਰੋਕੇ, ਵਰਿੰਦਰ ਸਿੰਘ, ਧਰਮਜੀਤ ਸਿੰਘ, ਕਰਨੈਲ ਵੈਰਾਗੀ, ਅਜੈ ਕੁਮਾਰ, ਸੰਦੀਪ ਢੰਡ, ਚਮਕੌਰ ਸਿੰਘ ਗੁਰਨੇ, ਮੁਕੇਸ਼ ਕੁਮਾਰ ਬੋਹਾ, ਰਿਸ਼ੀਪਾਲ ਬੁਢਲਾਡਾ ਨੇ ਦੱਸਿਆ ਕਿ ਉਕਤ ਮੰਗਾਂ ਨਾ ਮੰਨੇ ਜਾਣ ਦੀ ਹਾਲਤ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ 19 ਮਈ ਨੂੰ ਆਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ।

ਦਾਜ ਦੀ ਮੰਗ ਨੂੰ ਲੈ ਕੇ ਕੁੱਟਮਾਰ ਦੇ ਦੋਸ਼ 'ਚ ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਦਾਜ ਦੀ ਮੰਗ ਨੂੰ ਲੈ ਕੇ ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਉਸ ਦੇ ਪਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਜਸਵਿੰਦਰ ਕੌਰ ਬੇਟੀ ਸੋਨਾ ਸਿੰਘ ਵਾਸੀ ਪਿੰਡ ਚੱਕ ਭਾਵੜਾ ਵੱਲੋਂ ਇਕ ਦਰਖਾਸਤ ਨੰਬਰ 1023-ਪੀ.ਸੀ. ਮਿਤੀ 28-02-2024 ਨੂੰ ਆਪਣੇ ਪਤੀ ਸੁਖਚੈਨ ਸਿੰਘ ਦੇ ਖਿਲਾਫ ਦਰਜ ਦਿੱਤੀ ਗਈ ਸੀ ਕਿ ਉਹ ਦਾਜ ਲਿਆਉਣ ਲਈ ਲੜਾਈ ਝਗੜਾ ਕਰਕੇ ਉਸ ਦੀ ਕੁੱਟਮਾਰ ਕਰਦਾ ਹੈ। ਮਿਤੀ 27-07-2023 ਨੂੰ ਉਸ ਦੇ ਪਤੀ ਨੇ ਕੁੱਟਮਾਰ ਕਰਕੇ ਘਰੋਂ ਬਾਹਰ ਕੱਢ ਦਿੱਤਾ ਸੀ, ਜਿਸ ਤੋਂ ਬਾਅਦ ਕਈ ਵਾਰ ਉਸ ਨੇ ਅਤੇ ਉਸ ਦੇ ਆਪਣੇ ਪਰਵਾਰ ਵੱਲੋਂ ਪੰਚਾਇਤ ਵਿੱਚ ਰਾਜ਼ੀਨਾਮਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਰਾਜ਼ੀਨਾਮਾ ਨਹੀਂ ਹੋ ਸਕਿਆ, ਜਿਸ ਸਬੰਧੀ ਉਸ ਨੇ ਦਰਖਾਸਤ ਦਿੱਤੀ ਸੀ, ਜਿਸ ਦੀ ਪੜਤਾਲ ਡੀ.ਐੱਸ.ਪੀ. ਸੀ. ਐਗ ਵੋਮੈਨ ਐਂਡ ਚਿਲਡਰਨ ਜ਼ਿਲ੍ਹਾ ਫਾਜ਼ਿਲਕਾ, ਇੰਚਾਰਜ ਵੋਮੈਨ ਸੈੱਲ ਜਲਾਲਾਬਾਦ ਤੇ ਇਸ ਦੇ ਬਾਅਦ ਮਨਜ਼ੂਰੀ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਦੀ ਥਾਣੇ ਵਿੱਚ ਆਉਣ ਉਪਰੰਤ ਥਾਣਾ ਸਦਰ ਵਿਖੇ ਮੁਦੱਈ ਜਸਵਿੰਦਰ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਸੁਖਚੈਨ ਸਿੰਘ ਪੁੱਤਰ ਬੱਘਾ ਸਿੰਘ ਵਾਸੀ ਪਿੰਡ ਝੋਕ ਡਿਪੂਲਾਣਾ ਖਿਲਾਫ ਧਾਰਾ 498-ਏ ਤੇ 406 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

'ਆਪ' ਝੂਠ ਬੋਲ ਕੇ ਸੱਤਾ 'ਚ ਆਈ, ਝੂਠ ਦਾ ਪ੍ਰਚਾਰ ਲਗਾਤਾਰ ਜਾਰੀ : ਡਾ. ਅਮਰ ਸਿੰਘ

ਸਮਰਾਲਾ (ਸੁਰਜੀਤ ਸਿੰਘ)-ਬੇਸ਼ੱਕ ਪੰਜਾਬ ਤੋਂ ਬਾਹਰ ਕਾਂਗਰਸ ਤੇ ਆਮ ਆਦਮੀ ਪਾਰਟੀ ਮਿਲ ਕੇ ਚੋਣ ਲੜ ਰਹੇ ਹਨ, ਪਰ ਪੰਜਾਬ ਵਿੱਚ ਦੋਹਾਂ ਧਿਰਾਂ ਦੀ ਆਪਸੀ ਸ਼ਬਦੀ ਜੰਗ ਜਾਰੀ ਹੈ। ਦੋਵੇਂ ਪਾਰਟੀਆਂ ਕੋਈ ਅਜਿਹਾ ਮੌਕਾ ਖੁੰਝਣ ਨਹੀਂ ਦਿੰਦੀਆਂ, ਜਦੋਂ ਉਹ ਇੱਕ ਦੂਜੇ 'ਤੇ ਸ਼ਬਦੀ ਬਾਣ ਨਾ ਚਲਾਉਣ। ਕਾਂਗਰਸ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਦੇ ਆਗੂਆਂ 'ਤੇ ਝੂਠੇ ਪੁਲਸ ਕੇਸ ਮੜੇ। ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਦੂਜੀ ਵਾਰੀ ਚੋਣ ਲੜ ਰਹੇ ਡਾ. ਅਮਰ ਸਿੰਘ ਨੇ ਸਮਰਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦੇ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਜੰਮ ਕੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਜੋ ਸੁਪਨੇ ਦਿਖਾਏ ਸਨ, ਉਹ ਸੁਪਨੇ ਹੀ ਬਣ ਕੇ ਰਹਿ ਗਏ। ਉਨ੍ਹਾਂ ਕਿਹਾ ਕਿ ਪਾਰਟੀ ਝੂਠ ਬੋਲ ਕੇ ਸੱਤਾ ਵਿੱਚ ਆਈ ਸੀ ਤੇ ਹੁਣ ਵੀ ਆਪਣੀ ਅਸਲੀਅਤ ਨੂੰ ਛੁਪਾ ਕੇ ਲਗਾਤਾਰ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ, ਪਰ ਇਸ ਵਾਰ ਲੋਕ ਹਕੀਕਤ ਨੂੰ ਪਛਾਣ ਚੁੱਕੇ ਹਨ। ਡਾ. ਅਮਰ ਸਿੰਘ ਨੇ ਦਾਅਵਾ ਕੀਤਾ ਕਿ ਹਲਕੇ ਵਿੱਚ ਚੋਣ ਮੁਹਿਮ ਸਿਖਰਾਂ 'ਤੇ ਹੈ। ਲੋਕਾਂ ਦਾ ਭਾਰੀ ਉਤਸ਼ਾਹ ਦੇਖਣ ਨੂੰ ਮਿਲੀ ਰਿਹਾ ਹੈ। ਉਨ੍ਹਾ ਅਕਾਲੀ ਦਲ 'ਤੇ ਹਮਲਾ ਕਰਦਿਆਂ ਕਿਹਾ ਕਿ ਅਕਾਲੀ ਦਲ ਆਪਣੀ ਲੋਕ ਵਿਰੋਧੀ ਨੀਤੀਆਂ ਕਾਰਨ ਲੋਕਾਂ ਦੇ ਮਨਾਂ ਤੋਂ ਪੂਰੀ ਤਰ੍ਹਾਂ ਮਨਫੀ ਹੋ ਚੁੱਕਿਆ ਹੈ। ਉਨ੍ਹਾ ਕਿਹਾ ਕਿ ਹੁਣ ਕਾਂਗਰਸ ਪਾਰਟੀ ਹੀ ਇੱਕੋ ਇੱਕ ਵਿਕਲਪ ਹੈ, ਜੋਕਿ ਲੋਕਾਂ ਦੀਆਂ ਆਸਾਂ 'ਤੇ ਹਮੇਸ਼ਾ ਪੂਰਾ ਉਤਰਿਆ ਹੈ। ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸੰਨੀ ਦੂਆ, ਵਿਸ਼ਾਲ ਭਾਰਤੀ, ਸਰਪੰਚ ਜਤਿੰਦਰ ਜੋਗਾ ਬਲਾਲਾ, ਜਸਪ੍ਰੀਤ ਸਿੰਘ ਕਲਾਲਮਾਜਰਾ, ਅਜਮੇਰ ਸਿੰਘ ਪੁਰਬਾ, ਪਰਮਿੰਦਰ ਸਿੰਘ ਗੋਲਡੀ, ਮਨਦੀਪ ਸਿੰਘ, ਮਹਾਂ ਸਿੰਘ, ਪ੍ਰਧਾਨ ਕੁਲਦੀਪ ਸਿੰਘ, ਜਗਤਾਰ ਸਿੰਘ, ਹਰਜਿੰਦਰ ਸਿੰਘ ਸਮੇਤ ਵੱਡੀ ਗਿਣਤੀ 'ਚ ਪਾਰਟੀ ਵਰਕਰ ਤੇ ਆਗੂ ਹਾਜ਼ਰ ਸਨ।

610 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਥਾਣਾ ਸਦਰ ਫ਼ਿਰੋਜ਼ਪੁਰ ਦੀ ਪੁਲਸ ਨੇ ਵੱਖ-ਵੱਖ ਥਾਂਵਾਂ 'ਤੇ ਗਸ਼ਤ ਤੇ ਛਾਪੇਮਾਰੀ ਦੌਰਾਨ 610 ਗ੍ਰਾਮ ਹੈਰੋਇਨ ਬਰਾਮਦ ਕਰਕੇ ਇਕ ਵਿਅਕਤੀ ਸਮੇਤ ਅਣਪਛਾਤੇ ਵਿਅਕਤੀਆਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਬੱਸ ਅੱਡਾ ਬਾਰੇ ਕੇ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪੁਰਾਣੀ ਨੇਕੀ ਰਾਮ ਚੌਕੀ ਪਾਸ ਅਰਬੀ ਦੇ ਖੇਤਾਂ ਵਿਚ ਅਣਪਛਾਤੇ ਸਮੱਗਲਰਾਂ ਵੱਲੋਂ ਪਾਕਿਸਤਾਨ ਤੋਂ ਮੰਗਾਈ ਗਈ ਹੈਰੋਇਨ ਦਾ ਪੈਕ ਪਿਆ ਹੈ। ਜੇਕਰ ਸਰਚ ਕੀਤੀ ਜਾਵੇ ਤਾਂ ਹੈਰੋਇਨ ਬਰਾਮਦ ਹੋ ਸਕਦੀ ਹੇ। ਪੁਲਿਸ ਪਾਰਟੀ ਵੱਲੋਂ ਸਰਚ ਕਰਨ ਤੇ 500 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਹੀ ਥਾਣੇ ਦੇ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਫ਼ਾਜ਼ਿਲਕਾ ਫਿਰੋਜ਼ਪੁਰ ਰੋਡ 'ਤੇ ਨੇੜੇ ਪਿੰਡ ਖਲਚੀਆਂ ਕਦੀਮ ਪਾਸ ਪੁੱਜੇ ਤਾਂ ਟਾਇਰਾਂ ਵਾਲੀ ਫੈਕਟਰੀ ਦੀ ਦੀਵਾਰ ਨਾਲ ਇਕ ਨੌਜਵਾਨ ਗੁਰਜੀਤ ਸਿੰਘ ਉਰਫ ਬਰਾੜ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨੰਬਰ 254 ਵਾਰਡ ਨੰਬਰ 9 ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਖੜਾ ਵਿਖਾਈ ਦਿੱਤਾ, ਜੋ ਪੁਲਿਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਮੌਕੇ ਤੋਂ ਖਿਸਕਣ ਲੱਗਾ, ਜਿਸ ਨੂੰ ਪੁਲਿਸ ਪਾਰਟੀ ਵੱਲੋਂ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 110 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਦੇਸ਼ ਭਗਤ 'ਵਰਸਿਟੀ ਵੱਲੋਂ ਨਾਭਾ ਸਰਕਲ ਦੇ ਪ੍ਰਿੰਸੀਪਲਾਂ ਦਾ ਸਨਮਾਨ

ਨਾਭਾ, (ਵਰਿੰਦਰ ਵਰਮਾ)-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਨਾਭਾ ਵਿਖੇ ਜੀ-20 ਸਕੂਲ ਕਨੈਕਟ ਲੀਡਰਸ਼ਿਪ ਕਾਨਫਰੰਸ ਐਵਾਰਡਜ਼ ਕਾਰਵਾਈ ਗਈ।ਇਸ ਪ੍ਰੋਗਰਾਮ ਵਿੱਚ ਡੀ.ਬੀ.ਯੂ. ਵੱਲੋਂ ਨਾਭਾ ਸਰਕਲ ਦੇ ਪ੍ਰਿੰਸੀਪਲਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਪਹਿਲਾਂ ਇੱਥੇ ਇਕ ਪ੍ਰੈੱਸ ਕਾਨਫਰੰਸ ਵਿੱਚ ਡੀਬੀਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਲਾਗੂ ਕੀਤੀ ਗਈ ਨਵੀਂ ਸਿੱਖਿਆ ਨੀਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਸਕੂਲਾਂ ਵਿੱਚ ਤਕਨਾਲੋਜੀ ਦੀ ਭੂਮਿਕਾ ਮਹੱਤਵਪੂਰਨ ਹੈ।ਹੁਣ ਵਿਦਿਆਰਥੀ ਸਿੱਖਣ ਦੇ ਨਵੇਂ ਤਰੀਕਿਆਂ 'ਤੇ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਡੀ.ਬੀ.ਯੂ. ਵਿਦਿਆਰਥੀਆਂ ਦੀ ਪਲੇਸਮੈਂਟ ਲਈ ਵਚਨਬੱਧ ਹੈ, ਇਸ ਦੇ ਮੱਦੇਨਜ਼ਰ ਇਨ੍ਹੀਂ ਦਿਨੀਂ ਬਹੁਤ ਸਾਰੇ ਨੌਕਰੀ ਮੇਲੇ ਲਗਾਏ ਜਾ ਰਹੇ ਹਨ, ਜਿਸ ਵਿੱਚ ਦੇਸ਼ ਦੇ ਨਾਮੀ ਬ੍ਰਾਂਡ ਭਾਗ ਲੈ ਰਹੇ ਹਨ ਤੇ ਨੌਕਰੀ ਦੇ ਮੌਕੇ ਪ੍ਰਦਾਨ ਕਰ ਰਹੇ ਹਨ।ਵਿਦਿਆਰਥੀਆਂ ਦੇ ਪੜ੍ਹਾਈ ਪ੍ਰਤੀ ਲਗਨ ਨੂੰ ਦੇਖ ਕੇ ਮਾਪੇ ਵੀ ਗੰਭੀਰ ਹੋ ਗਏ ਹਨ, ਇਸ ਨਾਲ ਉਨ੍ਹਾਂ ਦਾ ਬਾਹਰ ਜਾਣ ਦਾ ਝੁਕਾਅ ਘੱਟ ਜਾਵੇਗਾ।ਜੀ-20 ਸਮਾਗਮ ਵਿੱਚ ਸਾਰੇ ਪ੍ਰਿੰਸੀਪਲਾਂ ਨੇ ਪੈਨਲ ਚਰਚਾ ਵਿੱਚ ਹਿੱਸਾ ਲਿਆ ਅਤੇ ਜੀ -20 ਸਕੂਲ ਕਨੈਕਟ ਲੀਡਰਸ਼ਿਪ ਸੰਮੇਲਨ ਨੇ ਲੀਡਰਸ਼ਿਪ, ਸਿੱਖਿਆ ਨਵੀਨਤਾ ਤੇ ਕਮਿਊਨਿਟੀ ਸ਼ਮੂਲੀਅਤ ਵਿੱਚ ਨੇਤਾਵਾਂ ਨੂੰ ਮਾਨਤਾ ਦਿੱਤੀ।ਇਨ੍ਹਾਂ ਵਿੱਚ ਪ੍ਰਿੰਸੀਪਲ ਹਰਕੰਵਲ ਜੀਤ ਕੌਰ, ਪੂਨਮ ਰਾਣੀ, ਪਰਵਿੰਦਰ ਸ਼ਰਮਾ, ਸ਼ਰਨਪ੍ਰੀਤ ਕੌਰ, ਸੁਮੀਰਾ ਸ਼ਰਮਾ, ਹਰਜਸਬੀਰ ਸਿੰਘ, ਅਸ਼ਵਨੀ ਮਦਾਨ, ਅਮਿਤ ਗਰਗ, ਗੁਰਦੀਪ ਸਿੰਘ, ਹਰਿੰਦਰਜੀਤ ਸਿੰਘ, ਖੁਸ਼ਪਿੰਦਰ ਕੌਰ ਖੇੜਾ, ਸ਼ੈਲੇਂਦਰ ਸ਼ਰਮਾ, ਸੰਦੀਪ ਕੁਮਾਰ, ਸੰਗੀਤਾ ਜਖਮੀ, ਸੁਖਵਿੰਦਰ ਸਿੰਘ, ਡਾ. ਕਵਿਤਾ ਕਪੂਰ, ਬਿਲਸਨ ਸ਼ਰਮਾ, ਗੁਰਪ੍ਰੀਤ ਕੌਰ, ਦਿਲਬਰ ਖਾਨ, ਇੰਦਰਪ੍ਰੀਤ ਸਿੰਘ, ਸੰਜੇ ਠਾਕੁਰ, ਅਨੂ ਬਾਤਿਸ਼, ਅਨਿਲ ਕੁਮਾਰ, ਪ੍ਰਬਲ ਪ੍ਰਤਾਪ ਸਹਿਗਲ ਵਰਗੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਸਨਮਾਨਤ ਕੀਤਾ ਗਿਆ।

ਸਕੂਲ ਮੈਨੇਜਮੈਂਟ ਕਮੇਟੀ ਤੇ ਪ੍ਰੈੱਸ ਕਲੱਬ ਵੱਲੋਂ ਮੈਰਿਟ 'ਚ ਆਉਣ ਵਾਲੇ ਬੱਚੇ ਸਨਮਾਨਤ

ਮਮਦੋਟ, (ਜਸਬੀਰ ਸਿੰਘ ਕੰਬੋਜ) ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਅੱਠਵੀਂ ਅਤੇ ਮੈਟਰਿਕ ਦੇ ਨਤੀਜਿਆਂ ਵਿੱਚੋਂ ਮੈਰਿਟ ਵਿੱਚ ਸਥਾਨ ਹਾਸਲ ਕਰਨ ਵਾਲੇ ਅਤੇ ਸਕੂਲ ਵਿੱਚੋਂ ਵਧੀਆ ਪਰਫਾਰਮੈਂਸ ਦਿਖਾਉਣ ਵਾਲੇ ਬੱਚਿਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਸਟ

10-MAY-PAGE-11-2024.qxd 5/9/2024 10:55 PM Page 1

ਸਰਕਾਰ ਨੇ ਅਗਨੀਵੀਰ ਭਰਤੀ ਕਰਕੇ ਨੌਜਵਾਨਾਂ ਦੇ ਭਵਿੱਖ ਨਾਲ ਕੋਝਾ ਮਜ਼ਾਕ ਕੀਤਾ : ਬ੍ਰਿਗੇਡੀਅਰ ਕਾਹਲੋਂ

ਗੁਰਦਾਸਪੁਰ, (ਦਿਨੇਸ਼ ਕੁਮਾਰ/ਬਲਵਿੰਦਰ ਸਿੰਘ ਬਿੱਲਾ)-ਜ਼ਿਲ੍ਹਾ ਗੁਰਦਾਸਪੁਰ ਦੇ ਸਾਬਕਾ ਜੀ ਓ ਜੀ ਦੀ ਕੋਰ ਮੀਟਿੰਗ ਜ਼ਿਲ੍ਹਾ ਗੁਰਦਾਸਪੁਰ ਮੁਖੀ ਬ੍ਰਿਗੇਡੀਅਰ ਗੁਰਦਰਸ਼ਨ ਸਿੰਘ ਕਾਹਲੋਂ ਦੀ ਰਹਿਨੁਮਾਈ ਹੇਠ ਹੋਈ। ਇਸ ਮੀਟਿੰਗ ਵਿੱਚ ਪੂਰੇ ਜ਼ਿਲ੍ਹੇ ਭਰ ਦੇ ਸਾਬਕਾ ਜੀ ਓ ਜੀ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਜ਼ਿਲ੍ਹਾ ਮੁਖੀ ਕਰਨਲ ਦਿਲਬਾਗ ਸਿੰਘ ਕਾਹਲੋਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਂਦਿਆਂ ਹੀ ਜੀ ਓ ਜੀ ਸੰਸਥਾ ਨੂੰ ਬਿਨਾਂ ਕਾਰਨ ਦੱਸੇ ਭੰਗ ਕਰ ਦਿੱਤਾ ਸੀ। ਜਿਸ ਦਾ ਪੰਜਾਬ ਭਰ ਦੇ ਸਾਰੇ ਸਾਬਕਾ ਸੈਨਿਕਾਂ ਅਤੇ ਜੀ ਓ ਜੀ ਦੇ ਮਨੋਬਲ 'ਤੇ ਬਹੁਤ ਮਾੜਾ ਅਸਰ ਪਿਆ ਹੈ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਸਰਕਾਰ ਨੂੰ ਜਵਾਬ ਦੇਣ ਦਾ ਸਮਾਂ ਆ ਗਿਆ ਹੈ। ਸਾਬਕਾ ਜੀ ਓ ਜੀ ਜ਼ਿਲ੍ਹਾ ਮੁਖੀ ਬ੍ਰਿਗੇਡੀਅਰ ਗੁਰਦਰਸ਼ਨ ਸਿੰਘ ਕਾਹਲੋਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਤਿੱਖੇ ਸਵਾਲ ਚੁੱਕੇ। ਉਨ੍ਹਾ ਕਿਹਾ ਕਿ ਅਸੀਂ ਸਰਕਾਰ ਦੀਆਂ ਭਲਾਈ ਸਕੀਮਾਂ ਦੀ ਪੈਰਵੀ ਕਰਦੇ ਸਾਂ, ਪਰ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਲੱਗਭੱਗ 6000 ਹਜ਼ਾਰ ਸਾਬਕਾ ਸੈਨਿਕਾਂ ਨੂੰ ਘਰ ਬਿਠਾ ਦਿੱਤਾ। ਉਨ੍ਹਾ ਕਿਹਾ ਕਿ ਸਾਨੂੰ ਇੱਕ ਆਪਣੀ ਸੰਸਥਾ ਬਣਾਉਣੀ ਚਾਹੀਦੀ ਹੈ, ਤਾਂ ਜੋ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਆਪ ਹੀ ਕਰ ਸਕੀਏ। ਇਸ ਤਰ੍ਹਾਂ ਹੀ ਸਾਡੀਆਂ ਵੀਰ ਨਾਰੀਆਂ, ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਦੇ ਕਈ ਕੰਮ ਰੁਕੇ ਹੁੰਦੇ ਹਨ ਤੇ ਓਹ ਦਫ਼ਤਰਾਂ ਦੇ ਚੱਕਰ ਕੱਟ ਕੱਟ ਕੇ ਥੱਕ ਜਾਂਦੀਆਂ ਹਨ। ਸਾਡੀ ਸੰਸਥਾ ਇਨ੍ਹਾਂ ਕੰਮਾਂ ਨੂੰ ਨਿਪਟਾਉਣ ਵਿੱਚ ਮਦਦਗਾਰ ਹੋਵੇਗੀ। ਉਨ੍ਹਾ ਕਿਹਾ ਕਿ ਸਰਕਾਰ ਨੇ ਅਗਨੀਪਥ ਯੋਜਨਾ ਰਾਹੀਂ ਅਗਨੀਵੀਰ ਭਰਤੀ ਕਰਕੇ ਨੌਜਵਾਨਾਂ ਦੇ ਭਵਿੱਖ ਨਾਲ ਕੋਝਾ ਮਜ਼ਾਕ ਕੀਤਾ ਹੈ। ਉਨ੍ਹਾ ਨੂੰ 4 ਸਾਲਾਂ ਬਾਅਦ ਜ਼ਬਰਦਸਤੀ ਘਰ ਭੇਜ ਕੇ ਉਨ੍ਹਾਂ ਨੂੰ ਪੈਨਸ਼ਨ, ਮੈਡੀਕਲ ਅਤੇ ਕੈਂਟੀਨ ਵਰਗੀ ਸੁਵਿਧਾ ਤੋਂ ਵਾਂਝਿਆ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪੰਜਾਬ ਦੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਘੱਟ ਬਜਟ ਅਲਾਟ ਕਰਨ ਕਾਰਨ ਪੰਜਾਬ ਭਰ ਦੇ ਸਾਰੇ ਜ਼ਿਲ੍ਹਾ ਸੈਨਿਕਾਂ ਬੋਰਡ ਵਿੱਚ ਕਰਮਚਾਰੀਆਂ ਦੀ ਬਹੁਤ ਜ਼ਿਆਦਾ ਘਾਟ ਹੈ, ਜਿਸ ਕਾਰਨ ਪੰਜਾਬ ਭਰ ਦੇ ਸਾਰੇ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਉਨ੍ਹਾ ਦੇ ਪਰਵਾਰਾਂ ਨੂੰ ਇਨ੍ਹਾਂ ਜ਼ਿਲ੍ਹਾ ਸੈਨਿਕਾਂ ਦਫ਼ਤਰਾਂ ਆਪਣੇ ਕੰਮ ਕਰਵਾਉਣ ਲਈ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਲ੍ਹਾ ਗੁਰਦਾਪੁਰ ਦੇ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਇਕ ਲੋਕ ਭਲਾਈ ਸੇਵਾ ਸੰਸਥਾ ਬਣਾਉਣ ਦੀ ਲੋੜ ਹੈ, ਜਿਸ ਨੂੰ ਮੀਟਿੰਗ ਵਿਚ ਸ਼ਾਮਲ ਹੋਏ ਸਾਰੇ ਸਾਬਕਾ ਸੈਨਿਕਾਂ ਨੇ ਸਰਵ ਸੰਮਤੀ ਨਾਲ ਪਾਸ ਕਰ ਦਿੱਤਾ। ਇਸ ਤੋਂ ਇਲਾਵਾ ਕਰਨਲ ਸ਼ਮਸ਼ੇਰ ਸਿੰਘ ਬੋਪਾਰਾਏ ਜੋ ਕਿ ਮੌਜੂਦਾ ਸਮੇਂ ਈ ਸੀ ਐਚ ਐਸ ਗੁਰਦਾਸਪੁਰ ਦੇ ਅਫਸਰ ਅਧਿਕਾਰੀ ਹਨ, ਨੇ ਵੀ ਮੀਟਿੰਗ ਵਿਚ ਸ਼ਾਮਲ ਹੋ ਕੇ ਵਿਚਾਰ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਸਾਬਕਾ ਸੈਨਿਕ ਮਿਲਟਰੀ ਹਸਪਤਾਲ, ਸਰਕਾਰੀ ਹਸਪਤਾਲ, ਇੰਪੈਨਲਡ ਹਸਪਤਾਲਾਂ ਵਿੱਚ ਇਲਾਜ ਕਰਵਾ ਸਕਦੇ ਹਨ।ਡਾਕਟਰਜ਼ ਦੁਆਰਾ ਲਿਖੀ ਗਈ ਦਵਾਈ ਜ਼ਰੂਰ ਮਿਲੇਗੀ।

ਅਗਰ ਦਵਾਈ ਸਟਾਕ ਵਿੱਚ ਨਹੀਂ ਤਾਂ 48 ਘੰਟਿਆਂ ਵਿੱਚ ਖਰੀਦ ਕੇ ਰੋਗੀ ਨੂੰ ਫੋਨ ਕਰਕੇ ਦਵਾਈ ਦਿੱਤੀ ਜਾਵੇਗੀ। ਉਨ੍ਹਾ ਇਹ ਵੀ ਦੱਸਿਆ ਕਿ ਜਿਹੜੇ ਸਾਬਕਾ ਸੈਨਿਕਾਂ, ਵਿਧਵਾਵਾਂ ਜਾਂ ਵੀਰ ਨਾਰੀਆਂ ਦੇ ਸਰਕਾਰੀ ਰਿਕਾਰਡ ਵਿੱਚ ਕੋਈ ਤਰੁਟੀ ਹੈ, ਉਨ੍ਹਾਂ ਲਈ ਸਟੇਸ਼ਨ ਹੈਡਕੁਆਰਟਰ ਗੁਰਦਾਸਪੁਰ ਵਿਖੇ ਵੇਟਰੰਸ ਸੈੱਲ ਖੋਲ੍ਹਿਆ ਗਿਆ ਹੈ। ਇਸ ਮੀਟਿੰਗ ਵਿੱਚ ਕਰਨਲ ਅਮਰਜੀਤ ਸਿੰਘ ਭੁੱਲਰ, ਕਰਨਲ ਜੀ ਐਸ ਸਾਹੀ, ਕਰਨਲ ਬੀ ਪੀ ਸਿੰਘ, ਸੂਬੇਦਾਰ ਮੇਜਰ ਦਲਜੀਤ ਸਿੰਘ, ਕੈਪਟਨ ਲਖਵਿੰਦਰ ਸਿੰਘ ਅਤੇ ਸਭ ਤਹਿਸੀਲਾਂ ਦੇ ਸੁਪਰ ਵਾਈਜ਼ਰ ਅਤੇ ਜੀ ਓ ਜੀ ਹਾਜ਼ਰ ਸਨ।

ਰਾਸ਼ਟਰੀ ਲੋਕ ਅਦਾਲਤ ਭਲਕੇ

ਧਾਰੀਵਾਲ,9 ਮਈ (ਮਨਦੀਪ ਸਿੰਘ ਵਿੱਕੀ) - ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ 11 ਮਈ ਨੂੰ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। 11 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲੈਨ ਆਦਿ ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਜਿੰਦਰ ਅਗਰਵਾਲ ਨੇ ਕਿਹਾ ਕਿ ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫ਼ੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫ਼ੀਸ ਵੀ ਵਾਪਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫ਼ੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

ਰਾਮਦੀਵਾਲੀ 'ਚ ਐੱਸ ਜੀ ਪੀ ਸੀ ਦੇ ਮੁਜ਼ਾਰੇ ਕਿਸਾਨਾਂ ਦੀ ਵਿਸਥਾਰਤ ਮੀਟਿੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਅੱਜ ਇੱਥੇ ਪੰਜਾਬ ਕਿਸਾਨ ਯੂਨੀਅਨ ਵੱਲੋਂ ਡੇਰਾ ਬਾਬਾ ਨਾਨਕ ਦੇ ਪਿੰਡ ਰਾਮਦੀਵਾਲੀ ਵਿਖੇ ਐਸ ਜੀ ਪੀ ਸੀ ਦੇ ਮੁਜ਼ਾਰੇ ਕਿਸਾਨਾਂ ਦੀ ਵਿਸਥਾਰਤ ਮੀਟਿੰਗ ਹਰਪਾਲ ਸਿੰਘ ਰਾਮਦੀਵਾਲੀ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਮੇਂ ਕਿਸਾਨ ਆਗੂ ਕੁਲਵੰਤ ਸਿੰਘ, ਸਤਵੰਤ ਛੀਨਾ, ਪਰਮਜੀਤ ਸਿੰਘ ਰੜੇਵਾਲੀ ਅਤੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਐਸ ਡੀ ਐਮ ਦਫਤਰ ਡੇਰਾ ਬਾਬਾ ਨਾਨਕ ਉਪਰ ਮੁਜ਼ਾਰੇ ਕਿਸਾਨਾਂ ਨੂੰ ਗੈਰ ਕਾਨੂੰਨੀ ਪ੍ਰੇਸ਼ਾਨ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸਿਵਲ ਕੋਰਟ ਵਲੋਂ ਤੈਅ ਕੀਤੇ 2500 ਰੁਪੈ ਪ੍ਰਤੀ ਏਕੜ ਲਗਾਨ ਅਨੁਸਾਰ ਕਰੀਬ 100 ਮੁਜ਼ਾਰੇ ਕਿਸਾਨਾਂ ਦੇ ਐੱਸ ਜੀ ਪੀ ਸੀ ਵਲੋਂ ਲਗਾਨ ਜਮ੍ਹਾਂ ਨਾ ਕਰਨ ਕਰਕੇ ਬੀਤੇ 5 ਸਾਲਾ ਤੋਂ ਐਸ ਡੀ ਐਮ ਡੇਰਾ ਬਾਬਾ ਨਾਨਕ ਨੂੰ ਜ਼ਮੀਨੀ ਲਗਾਨ ਕਾਨੂੰਨੀ ਤੌਰ 'ਤੇ ਜਮ੍ਹਾਂ ਕਰਾਉਣ ਲਈ ਦਰਖਾਸਤਾਂ ਦੇ ਰੱਖੀਆਂ ਹਨ ਪਰ ਐਸ ਡੀ ਐਮ ਦਫਤਰ ਵਲੋਂ ਸਰਕਾਰੀ ਖਜ਼ਾਨੇ ਵਿੱਚ ਲਗਾਨ ਜਮ੍ਹਾਂ ਕਰਨ ਦੇ ਹੁਕਮ ਦੇਣ ਦੀ ਬਜਾਏ ਤਰੀਕਾਂ ਦਰ ਤਰੀਕਾਂ ਪਾਈਆਂ ਜਾ ਰਹੀਆਂ ਹਨ ।ਇਸ ਤਰ੍ਹਾਂ ਕਰਕੇ ਐਸ ਡੀ ਐਮ ਦਫਤਰ ਵਲੋਂ ਮੁਜ਼ਾਰੇ ਕਿਸਾਨਾਂ ਉਪਰ ਦਿਮਾਗੀ ਤਸ਼ੱਦਦ ਕੀਤਾ ਜਾ ਰਿਹਾ ਹੈ।

ਆਗੂਆਂ ਕਿਹਾ ਕਿ ਐਸ ਡੀ ਐਮ ਦਫਤਰ ਸਿਆਸੀ ਦਬਾਅ ਹੇਠ ਕਿਸਾਨਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਐਸ ਡੀ ਐਮ ਦੇ ਮੁਜ਼ਾਰਿਆਂ ਵਿਰੋਧੀ ਰਵੱਈਏ ਕਾਰਨ ਜਲਦੀ ਰਾਤ ਦਿਨ ਦਾ ਧਰਨਾ ਦਿੱਤਾ ਜਾਵੇਗਾ।ਇਸ ਸਮੇਂ ਵਕੀਲ ਕਰਮਜੀਤ ਸਿੰਘ ਸੰਧੂ, ਪ੍ਰਗਟ ਸਿੰਘ, ਸਰਵਣ ਸਿੰਘ, ਨੰਬਰਦਾਰ ਹਰਭੇਜ ਸਿੰਘ, ਸੁਰਜੀਤ ਸਿੰਘ ਬਾਜਵਾ, ਮਲਕੀਅਤ ਰੜੇਵਾਲੀ ਅਤੇ ਕੁਲਦੀਪ ਰਾਜੂ ਹਾਜ਼ਰ ਸਨ।

ਧਾਮੀ ਨੇ ਧਾਰਮਿਕ ਪ੍ਰੀਖਿਆ ਦੇ ਤੀਜੇ ਤੇ ਚੌਥੇ ਦਰਜੇ ਦਾ ਨਤੀਜਾ ਐਲਾਨਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਸਾਲਾਨਾ ਧਾਰਮਿਕ ਪ੍ਰੀਖਿਆ ਦੇ ਤੀਜੇ ਅਤੇ ਚੌਥੇ ਦਰਜੇ ਦਾ ਨਤੀਜਾ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਪਹਿਲੇ ਅਤੇ ਦੂਜੇ ਦਰਜੇ ਦਾ ਨਤੀਜਾ ਜਾਰੀ ਕੀਤਾ ਜਾ ਚੁੱਕਾ ਹੈ। ਵੀਰਵਾਰ ਤੀਜੇ ਅਤੇ ਚੌਥੇ ਦਰਜੇ ਦੇ ਜਾਰੀ ਕੀਤੇ ਗਏ ਨਤੀਜੇ ਤਹਿਤ 3 ਲੱਖ 40 ਹਜ਼ਾਰ 900 ਰੁਪਏ ਦਾ ਵਜ਼ੀਫਾ ਮੈਰਿਟ ਵਿਚ ਆਏ ਪ੍ਰੀਖਿਆਰਥੀਆਂ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਪ੍ਰੀਖਿਆਰਥੀਆਂ ਨੂੰ ਕ੍ਰਮਵਾਰ 5100, 4100 ਅਤੇ 3100 ਰੁਪਏ ਦੀ ਵਿਸ਼ੇਸ਼ ਇਨਾਮੀ ਰਾਸ਼ੀ ਵੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਧਾਮੀ ਨੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਵੀ ਜਾਰੀ ਕੀਤਾ, ਜਿਸ ਵਿਚ ਮੈਰਿਟ 'ਚ ਆਏ 20 ਵਿਦਿਆਰਥੀਆਂ ਨੂੰ ਵਜ਼ੀਫਾ ਰਾਸ਼ੀ ਦਿੱਤੀ ਜਾਵੇਗੀ। ਇਸ ਮੌਕੇ ਧਾਮੀ ਨੇ ਕਿਹਾ ਕਿ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਗੁਰਬਾਣੀ, ਰਹਿਤ ਮਰਯਾਦਾ ਅਤੇ ਇਤਿਹਾਸ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਲਗਾਤਾਰ ਕਾਰਜਸ਼ੀਲ ਹੈ। ਇਸੇ ਤਹਿਤ ਹੀ ਧਾਰਮਿਕ ਪ੍ਰੀਖਿਆ ਕਰਵਾ ਕੇ ਲੱਖਾਂ ਰੁਪਏ ਦੀ ਵਜੀਫਾ ਰਾਸ਼ੀ ਹਰ ਸਾਲ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਪੱਤਰ-ਵਿਹਾਰ ਕੋਰਸ ਰਾਹੀਂ ਆਮ ਸ਼ਰਧਾਲੂਆਂ ਨੂੰ ਸਿੱਖ ਧਰਮ ਬਾਰੇ ਕੋਰਸ ਕਰਵਾਇਆ ਜਾਂਦਾ ਹੈ। ਉਨ੍ਹਾਂ ਸੰਗਤ ਅਤੇ ਸਿੱਖ ਨੌਜੁਆਨੀ ਨੂੰ ਅਪੀਲ ਕੀਤੀ ਕਿ ਇਨ੍ਹਾਂ ਧਾਰਮਿਕ ਪ੍ਰੀਖਿਆਵਾਂ ਵਿਚ ਵੱਧ-ਵੱਧ ਦਾਖ਼ਲਾ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵਡ, ਸਕੱਤਰ ਪ੍ਰਤਾਪ ਸਿੰਘ, ਓ ਐਸ ਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਧਾਰਮਿਕ ਪ੍ਰੀਖਿਆ ਦੇ ਇੰਚਾਰਜ ਸ. ਜੋਗੇਸ਼ਵਰ ਸਿੰਘ ਅਤੇ ਹੋਰ ਮੌਜੂਦ ਸਨ।

17ਵੀਂ ਸਿਰਜਣ ਪ੍ਰਕਿਰਿਆ ਪ੍ਰੋਗਰਾਮ ਦਾ ਸਫ਼ਲ ਆਯੋਜਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਅੱਜ ਸੰਸਥਾ ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ ਪੰਜਾਬੀ ਸਾਹਿਤ ਦੀਆਂ ਪ੍ਰਸਿੱਧ ਸ਼ਖਸੀਅਤਾਂ ਨਾਲ ਸਾਹਿਤਕ ਮਿਲਣੀ ਸੰਬੰਧਤ ਮਹੀਨਾਵਾਰ ਪ੍ਰੋਗਰਾਮ ਸਿਰਜਣ ਪ੍ਰਕਿਰਿਆ ਦੇ 17ਵੇਂ ਭਾਗ ਦਾ ਆਯੋਜਨ ਕੀਤਾ ਗਿਆ। ਸੰਸਥਾ ਵੱਲੋਂ ਇਸ ਪ੍ਰੋਗਰਾਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਚਰ ਵਿਭਾਗ ਦੇ ਮੁਖੀ ਡਾ. ਸਰਬਜੋਤ ਸਿੰਘ ਬਹਿਲ ਨੂੰ ਸਰੋਤਿਆਂ ਦੇ ਰੂਬਰੂ ਕਰਵਾਇਆ ਗਿਆ। ਮੰਚ ਸੰਚਾਲਕ ਜਸਵਿੰਦਰ ਸਿੰਘ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਰੋਤਿਆਂ ਵੱਲੋਂ ਉਠਾਏ ਜਾਂਦੇ ਪ੍ਰਸ਼ਨਾਂ ਨੂੰ ਦੁਹਰਾਇਆ; ਕਿ ਕਵਿਤਾ ਨੂੰ ਕਵਿਤਾ ਕਰਨ ਵਾਲਾ ਤੱਤ ਕੀ ਹੈ, ਹਰ ਵਿਚਾਰ ਕਵਿਤਾ ਕਿਉਂ ਨਹੀਂ ਹੋ ਸਕਦਾ, ਕੀ ਕਵਿਤਾ ਨੂੰ ਬਣਾਉਣ ਵਾਲਾ ਕਵੀ ਹੈ ਜਾਂ ਕਵਿਤਾ ਆਪਣੇ ਵੱਖਰੇ ਰੂਪ ਕਰਕੇ ਕਵਿਤਾ ਹੈ? ਇਨ੍ਹਾ ਸਵਾਲਾਂ ਨੂੰ ਖੋਲ੍ਹਦਿਆਂ ਡਾ. ਸਰਬਜੋਤ ਸਿੰਘ ਬਹਿਲ ਨੇ ਕਿਹਾ ਕਿ ਸਾਨੂੰ ਕਾਵਿ ਸਿਰਜਣ ਨੂੰ ਸਿਰਫ ਵਿਚਾਰ ਤੋਂ ਪੈਦਾ ਹੋਣ ਵਾਲੇ ਉਤਪਾਦਨ ਵਜੋਂ ਹੀ ਨਹੀਂ ਵੇਖਣਾ ਚਾਹੀਦਾ। ਵਿਚਾਰ ਤੋਂ ਉਤਪਾਦਨ ਤੱਕ ਲਿਜਾਣ ਵਾਲੀ ਪ੍ਰਕ੍ਰਿਆ ਦਾ ਵੀ ਮਹੱਤਵਪੂਰਨ ਸਥਾਨ ਹੈ ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸੋ ਕਵਿਤਾ ਨੂੰ ਆਖਰੀ ਉਤਪਾਦਨ ਸਮਝਣਾ ਇਕ ਤਰ੍ਹਾਂ ਨਾਲ ਉਸ ਨੂੰ ਇਕ ਜਗ੍ਹਾ ਸਥਿਗਤ ਕਰਨਾ ਹੈ ਜੋ ਉਸ ਨੂੰ ਕਵਿਤਾ ਨਹੀਂ ਹੋਣ ਦਿੰਦਾ।ਇਸ ਲਈ ਸਾਨੂੰ ਕਵਿਤਾ ਨੂੰ ਇਕ ਪ੍ਰਕ੍ਰਿਆ ਵਜੋਂ ਦੇਖਣਾ ਚਾਹੀਦਾ ਹੈ ਜਿਸ ਵਿਚ ਕਵਿਤਾ ਹਰ ਪਲ ਆਪਣੀ ਮੌਲਣਸ਼ੀਲਤਾ ਰੱਖਦੀ ਹੈ ਅਤੇ ਕਵਿਤਾ ਦਾ ਪਾਠਕ ਆਪਣੀ ਪੜ੍ਹਤ ਸਮੇਂ ਇਸ ਵਿਚੋਂ ਹਮੇਸ਼ਾ ਨਵੀਨ ਪ੍ਰਤੀਕ ਅਤੇ ਅਰਥ ਉਜਾਗਰ ਕਰ

ਜਨਮ ਦਿਨ ਮੁਬਾਰਕ

ਸ਼ੁਭਨੂਰਨ ਕੌਰ, ਨਿਊਜ਼ੀਲੈਂਡ

ਵਰ੍ਹੇਗੰਢ ਮੁਬਾਰਕ

ਪਵਨਦੀਪ ਸਿੰਘ ਤੇ ਲਵਪ੍ਰੀਤ ਕੌਰ ਵਾਸੀ ਲੋਹਗੜ੍ਹ (ਬਰਨਾਲਾ) ਨੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ

ਰਣਬੀਰ ਸਿੰਘ ਪਤਨੀ ਰੁਪਿੰਦਰ ਕੌਰ ਮਾਛੀਵਾੜਾ ਸਾਹਿਬ ਨੇ ਵਿਆਹ ਦੀ ਦੂਜੀ ਵਰ੍ਹੇਗੰਢ ਮਨਾਈ

ਜਲਪੋਤ ਦੇ ਸਰਪੰਚ ਤੇ ਪੰਚਾਂ ਸਮੇਤ ਕਈ ਹੋਰ ਆਮ ਆਦਮੀ ਪਾਰਟੀ 'ਚ ਸ਼ਾਮਲ

ਜਲੰਧਰ, (ਸੁਰਿੰਦਰ ਕੁਮਾਰ)

ਲੋਕ ਸਭਾ ਹਲਕਾ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਨਿਧੜਕ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਆਦਮਪੁਰ ਅਸੰਬਲੀ ਹਲਕੇ ਦੇ ਪਿੰਡਾਂ ਦੇ ਦੌਰੇ ਦੌਰਾਨ ਉਦੋਂ ਭਰਵੀਂ ਹਿਮਾਇਤ ਹਾਂਸਲ ਹੋਈ ਜਦੋਂ ਡਰੋਲੀ ਖੁਰਦ ਪਿੰਡ ਦੇ ਸਮਾਗਮ ਵਿੱਚ ਪਿੰਡ ਜਲਪੋਤ ਦੇ ਕਈ ਮੋਹਤਬਰ ਲੋਕ ਸ਼ਾਮਲ ਹੋਏ। ਇਨ੍ਹਾਂ ਵਿੱਚ ਪਰਮਜੀਤ ਸਿੰਘ ਸਰਪੰਚ ਪਤੀ, ਸੁਖਵਿੰਦਰ ਸਿੰਘ ਪੰਚ, ਹਰਦੀਪ ਸਿੰਘ ਪੰਚ ਪਤੀ, ਉਂਕਾਰ ਸਿੰਘ, ਕੁਲਦੀਪ ਸਿੰਘ ਪੰਚ ਤੇ ਹੋਰ ਕਾਂਗਰਸੀ ਪਰਵਾਰ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਵਨ ਟੀਨੂੰ ਵੱਲੋਂ ਉਨ੍ਹਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ ਤੇ ਭਰੋਸਾ ਦਿਤਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤਾ ਜਾਏਗਾ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ, ਪਰਮਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ, ਹਰਵਿੰਦਰ ਸਿੰਘ ਬਿੱਲੂ ਸਰਪੰਚ ਕਾਲਰਾਂ, ਹਰਵਿੰਦਰ ਸਿੰਘ ਗਰੇਵਾਲ, ਦਲਜੀਤ ਸਿੰਘ ਮਿਨਹਾਸ, ਤਰਸੇਮ ਸਿੰਘ ਕੋਟਲੀ, ਇੰਦਰਜੀਤ ਸਿੰਘ ਬਲਾਕ ਪ੍ਰਧਾਨ, ਰਾਜਾ ਡਰੋਲੀ, ਪਵਿੱਤਰ ਸਿੰਘ, ਜੁਝਾਰ ਸਿੰਘ ਬੈਲਜੀਅਮ, ਸਤਨਾਮ ਸਿੰਘ, ਕੁਲਦੀਪ ਸਿੰਘ ਜਲਪੋਤ ਤੇ ਹੋਰ ਵਿਅਕਤੀ ਹਾਜਰ ਸਨ । ਆਪ ਉਮੀਦਵਾਰ ਪਵਨ ਟੀਨੂੰ ਵੱਲੋਂ ਇਸ ਦੌਰਾਨ ਲੁਟੇਰਾ ਖੁਰਦ, ਡਰੋਲੀ ਖੁਰਦ, ਡਰੋਲੀ ਕਲਾਂ, ਪਧਿਆਣਾ, ਖੁਰਦਪੁਰ, ਸਲਾਲਾ, ਗੇਹਲੜ, ਪਤਿਆਲ, ਮਾਣਕਸਰਾਏ, ਕੰਗਰਾ ਤੇ ਹੋਰਨਾਂ ਪਿੰਡਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਭਰੋਸਾ ਦਿੱਤਾ ਕਿ ਉਹ 4 ਜੂਨ ਤੋਂ ਬਾਅਦ ਪਿੰਡ-ਪਿੰਡ ਆ ਕੇ ਵਿਕਾਸ ਦੇ ਕਾਰਜ ਕਰਾਉਣਗੇ। ਉਨ੍ਹਾਂ ਦਸਿਆ ਕਿ ਆਦਮਪੁਰ ਵਿੱਚ ਕਿੰਨੀ ਮਿਹਨਤ ਨਾਲ ਉਨ੍ਹਾਂ ਨੇ ਆਈ ਟੀ ਆਈ ਚਾਲੂ ਕਰਵਾਈ ਸੀ, ਉਨ੍ਹਾਂ ਦੋਸ਼ ਲਗਾਇਆ ਕਿ ਇਸ ਨੂੰ ਕਿਥਤ ਤੌਰ 'ਤੇ ਤਕਨੀਕੀ ਵਿਦਿਆ ਮਹਿਕਮੇ ਦੇ ਮੰਤਰੀ ਹੁੰਦਿਆਂ ਚਰਨਜੀਤ ਸਿੰਘ ਚੰਨੀ ਨੇ ਆਪਣੇ ਰਿਸ਼ਤੇਦਾਰ ਮਹਿੰਦਰ ਸਿੰਘ ਕੇ ਪੀ ਦੇ ਕਹਿਣ 'ਤੇ ਬੰਦ ਕਰਾ ਦਿੱਤਾ ਸੀ ।

ਨੰਬਰ ਪਲੇਟਾਂ ਦਾ ਦਫਤਰ ਤਬਦੀਲ ਕਰਨ 'ਤੇ ਇਲਾਕੇ ਦੇ ਲੋਕਾਂ 'ਚ ਭਾਰੀ ਰੋਸ

ਨੰਗਲ (ਸੁਰਜੀਤ ਢੇਰ)

ਨੰਬਰ ਪਲੇਟਾਂ ਦਾ ਦਫਤਰ ਨੰਗਲ ਤੋਂ ਤਬਦੀਲ ਕਰਨ ਕਰਕੇ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹ ਸਬੰਧੀ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ ਦੀ ਅਗਵਾਈ ਹੇਠ ਇਕ ਡੈਪੂਟੇਸ਼ਨ ਸਥਾਨਕ ਉਪ ਮੰਡਲ ਮਜਿਸਟਰੇਟ ਅਮਨਜੋਤ ਕੌਰ ਨੂੰ ਮਿਲਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਏਗਰੋਸ ਇਮਪੈਕਸ ਪ੍ਰਾਈਵੇਟ ਲਿਮਿਟਡ ਕੰਪਨੀ ਵੱਲੋਂ ਨੰਗਲ ਵਿਖੇ ਪਿਛਲੇ ਲੰਬੇ ਸਮੇਂ ਤੋਂ ਦਫਤਰ ਚਲਾਇਆ ਜਾ ਰਿਹਾ ਹੈ। ਇਸ ਨਾਲ ਇਲਾਕੇ ਦੇ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਮਿਲ ਰਹੀ ਸੀ। ਇਸ ਦੇ ਨਾਲ ਹੀ ਕੰਪਨੀ ਵੱਲੋਂ ਘਰ ਘਰ ਜਾ ਕੇ ਵੀ ਵਹੀਕਲਾਂ ਦੀਆਂ ਨੰਬਰ ਪਲੇਟਾਂ ਲਗਾਈਆਂ ਜਾ ਰਹੀਆਂ ਸਨ। ਪਰ ਹੁਣ ਕੰਪਨੀ ਦੇ ਹੁਕਮ ਅਨੁਸਾਰ ਇਹ ਦਫਤਰ ਨੰਗਲ ਤੋਂ ਤਬਦੀਲ ਕਰਕੇ ਰੋਪੜ ਵਿਖੇ ਭੇਜਿਆ ਜਾ ਰਿਹਾ ਹੈ। ਜਿਸ ਦੇ ਕਾਰਨ ਸਾਰੇ ਜ਼ਿਲ੍ਹੇ ਦਾ ਭਾਰ ਇੱਕ ਥਾਂ ਉੱਤੇ ਪਵੇਗਾ ਅਤੇ ਲੋਕਾਂ ਦੀ ਖੱਜਲ ਖੁਆਰੀ ਵੀ ਹੋਵੇਗੀ।ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਇਹ ਨੰਗਲ ਤੋਂ ਦਫਤਰ ਤਬਦੀਲ ਨਾ ਕੀਤਾ ਜਾਵੇ। ਇੱਥੇ ਹੀ ਨੰਬਰ ਪਲੇਟਾਂ ਲਗਾਈਆਂ ਜਾਣ,ਕਿਉਂਕਿ ਪੰਜਾਬ ਸਰਕਾਰ ਇੱਕ ਪਾਸੇ ਪੰਜਾਬ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਘਰ ਘਰ ਪਹੁੰਚਾਉਣ ਦਾ ਵਾਇਦਾ ਕਰ ਰਹੀ ਹੈ। ਪਰ ਦੂਜੇ ਪਾਸੇ ਇਸ ਕੰਪਨੀ ਵੱਲੋਂ ਇਲਾਕੇ ਦੇ ਲੋਕਾਂ ਉੱਤੇ ਵਾਧੂ ਭਾਰੀ ਆਰਥਿਕ ਬੋਝ ਲੱਦਿਆ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ, ਨੂਰਪੁਰ ਬੇਦੀ ਵਿਖੇ ਦਫਤਰ ਚੱਲ ਰਹੇ ਸਨ। ਪਰ ਆਪ ਸਰਕਾਰ ਨੇ ਪਹਿਲਾਂ ਇਹ ਦਫਤਰ ਬੰਦ ਕੀਤੇ ਤੇ ਹੁਣ ਨੰਗਲ ਦਾ ਦਫਤਰ ਬੰਦ ਕਰਨ ਜਾ ਰਹੀ ਹੈ। ਪਾਰਟੀ ਆਗੂਆਂ ਨੇ ਇਲਾਕੇ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਇਸ ਬੇਇਨਸਾਫੀ ਖਿਲਾਫ ਇਕਜੁੱਟ ਹੋ ਕੇ ਵਿਰੋਧ ਕਰਨ। ਇਸ ਮੌਕੇ 'ਤੇ ਕਾਮਰੇਡ ਕੇਵਲ ਕਿਸਨ ਦੁਬੇਟਾ ਵੀ ਹਾਜਰ ਸਨ।

ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ

ਨਵਾਂਸ਼ਹਿਰ, (ਮਨੋਜ ਲਾਡੀ) ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 (1974) ਦੇ ਐਕਟ 2 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ 'ਚ ਕਿਸੇ ਵੀ ਤਰ੍ਹਾਂ ਦੇ ਮੈਰਿਜ ਪੈਲੇਸ/ਰਿਜ਼ੋਰਟ, ਮੇਲੇ, ਧਾਰਮਿਕ ਸਥਾਨਾਂ, ਜਲੂਸ, ਬਰਾਤ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮ/ਜਨਤਕ ਇਕੱਠਾਂ ਅਤੇ ਵਿਦਿਅਕ ਅਦਾਰਿਆਂ 'ਚ ਅਸਲਾ/ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ, ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ 'ਤੇ ਵੀ ਉਕਤ ਪਾਬੰਦੀ ਲਾਗੂ ਰਹੇਗੀ।ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਵਾਲੇ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਜਾਵੇ ਅਤੇ ਸਖਤ ਕਾਰਵਾਈ ਕੀਤੀ ਜਾਵੇ।ਇਹ ਹੁਕਮ 13 ਜੁਲਾਈ 2024 ਤੱਕ ਲਾਗੂ ਰਹੇਗਾ।

ਡਾ: ਸੁਭਾਸ਼ ਸ਼ਰਮਾ ਨੇ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਉਪਰੰਤ ਚੋਣ ਮੁਹਿੰਮ ਦੀ ਕੀਤੀ ਸ਼ੁਰੂਆਤ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)- ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਸੂਬਾ ਮੀਤ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਮੰਦਰ ਵਿਖੇ ਮੱਥਾ ਟੇਕ ਕੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਧਰਤੀ ਭਗਤੀ ਅਤੇ ਸ਼ਕਤੀ ਦੇ ਸਿਧਾਂਤਾਂ ਦੀ ਮਾਂ ਹੈ ਅਤੇ ਉਹ ਇਸ ਤੋਂ ਪ੍ਰੇਰਨਾ ਲੈ ਕੇ ਇਲਾਕੇ ਦੇ ਲੋਕਾਂ ਦੀ ਪੂਰੀ ਤਾਕਤ ਨਾਲ ਸੇਵਾ ਕਰਨਗੇ। ਓਹਨਾ ਨੇ ਕਿਹਾ ਗੁਰੂ ਦੀ ਬਖਸ਼ਿਸ਼ ਨਾਲ ਗੁਰੂ ਨਗਰੀ ਦੀ ਸੇਵਾ ਕਰਨ ਦਾ ਮੌਕਾ ਜ਼ਰੂਰ ਮਿਲੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਸ਼ਾਲੀ ਸਮਝਦੇ ਹਨ ਕਿ ਉਨ੍ਹਾਂ ਨੂੰ ਗੁਰੂ ਨਗਰੀ ਦੀ ਸੇਵਾ ਕਰਨ ਲਈ ਪਾਰਟੀ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਸਥਾਨਕ ਲੋਕ ਹਾਜ਼ਰ ਸਨ।

ਸੋਹਣ ਸਿੰਘ ਠੰਡਲ ਸ਼ਾਨਦਾਰ ਜਿੱਤ ਹਾਸਲ ਕਰਨਗੇ : ਸਾਬਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਡਵਿੱਡਾ ਅਹਿਰਾਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਲੋਕ ਸਭਾ ਹੁਸ਼ਿਆਰਪੁਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸਰਕਲ ਪ੍ਰਧਾਨ ਮੇਹਟੀਆਣਾ ਸਰਬਜੀਤ ਸਿੰਘ ਸਾਬਾ ਨੇ ਦੱਸਿਆ ਕਿ ਲੋਕ ਸਭਾ ਹੁਸ਼ਿਆਰਪੁਰ ਤੋਂ ਸੋਹਣ ਸਿੰਘ ਠੰਡਲ ਵੱਡੀ ਲੀਡ ਨਾਲ ਸ਼ਾਨਦਾਰ ਜਿੱਤ ਹਾਸਲ ਕਰਨਗੇ। ਹਲਕਾ ਚੱਬੇਵਾਲ ਦੇ ਪਿੰਡ ਡੱਵਿਡਾ ਅਹਿਰਾਣਾ ਵਿਖੇ ਮੀਟਿੰਗ ਰੱਖੀ ਗਈ। ਲੋਕਾਂ ਵਿੱਚ ਭਾਰੀ ਉਤਸ਼ਾਹ ਸੀ ਅਤੇ ਲੋਕ ਦਿੱਲੀ ਦੀਆਂ ਸਰਕਾਰਾਂ ਨੂੰ ਛੱਡ ਕੇ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਡੱਟ ਕੇ ਖੜ ਗਏ ਹਨ ਅਤੇ ਆਪਣਾ ਵੋਟ ਤੱਕੜੀ ਦੇ ਨਿਸ਼ਾਨ 'ਤੇ ਭੁਗਤਣਗੇ।

ਹੈਰੋਇਨ ਸਮੇਤ ਕਾਬੂ

ਬੰਗਾ (ਅਵਤਾਰ ਕਲੇਰ)-ਥਾਣਾ ਮੁਕੰਦਪੁਰ ਦੇ ਏ ਐਸ ਆਈ ਭੂਸ਼ਣ ਲਾਲ ਦੀ ਪੁਲਸ ਪਾਰਟੀ ਨੇ ਦੌਰਾਨੇ ਗਸ਼ਤ ਟੀ-ਪੁਆਇੰਟ ਦਾਣਾ ਮੰਡੀ ਮੁਕੰਦਪੁਰ ਤੋਂ ਸਨੀ ਪੁੱਤਰ ਜਰਨੈਲ ਰਾਮ ਵਾਸੀ ਬਾਜ਼ੀਗਰ ਮੁਹੱਲਾ ਨੇੜੇ ਬਰਫ ਦਾ ਕਾਰਖਾਨਾ ਮੁਕੰਦਪੁਰ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ ਤਲਾਸ਼ੀ ਦੌਰਾਨ 05 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਵੱਛ ਭਾਰਤ ਅਧੀਨ ਬਣਾਏ ਬਾਥਰੂਮ ਨਗਰ ਕੌਂਸਲ ਨੇ ਢਾਹੇ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਕੁੱਝ ਸਮਾਂ ਪਹਿਲਾਂ ਮੰਡੀ ਚੌਕ ਵਿਚ ਨਗਰ ਕੌਂਸਲ ਨੂਰਮਹਿਲ ਵੱਲੋਂ ਸਵੱਛ ਭਾਰਤ ਅਧੀਨ ਲੋਕਾਂ ਦੀ ਸਹੂਲਤ ਲਈ ਬਾਥਰੂਮ ਬਣਾਏ ਗਏ ਸਨ। ਜਿਸ ਉੱਪਰ ਲਗਭਗ ਸਾਢੇ ਚਾਰ ਲੱਖ ਰੁਪਏ ਦੀ ਲਾਗਤ ਆਈ ਸੀ। ਹੁਣ ਇਹ ਬਾਥਰੂਮ ਨਗਰ ਕੌਂਸਲ ਵੱਲੋਂ ਢਾਹ ਦਿੱਤੇ ਗਏ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਜਗ੍ਹਾ 'ਤੇ ਰਸਤਾ ਕੱਢਣਾ ਹੈ। ਜੇਕਰ ਨਗਰ ਕੌਂਸਲ ਨੇ ਰਸਤਾ ਹੀ ਕੱਢਣਾ ਸੀ ਤਾਂ ਇਹ ਸਭ ਕੁੱਝ ਅਧਿਕਾਰੀਆਂ ਨੂੰ ਪਹਿਲਾਂ ਪਤਾ ਹੋਣਾ ਚਾਹੀਦਾ ਸੀ। ਜਦੋਂ ਇਸ ਸੰਬੰਧੀ ਕਾਰਜ ਸਾਧਕ ਅਫਸਰ ਕਰਮਿੰਦਰ ਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਬਾਥਰੂਮ ਕਦੋਂ ਬਣੇ ਤੇ ਕਦੋਂ ਢਾਹੇ। ਵਾਰਡ ਦੇ ਕੌਂਸਲਰ ਨੰਦ ਕਿਸ਼ੋਰ ਨੇ ਕਿਹਾ ਕਿ ਸਵੱਛ ਭਾਰਤ ਅਧੀਨ ਇਹ ਬਾਥਰੂਮ ਬਣਾਏ ਗਏ ਸਨ। ਜਿਸ ਉੱਪਰ ਲਗਭਗ ਸਾਢੇ ਚਾਰ ਲੱਖ ਰੁਪਏ ਦੀ ਲਾਗਤ ਆਈ ਸੀ। ਰਸਤਾ ਕੱਢਣ ਦਾ ਦੱਸ ਕੇ ਨਗਰ ਕੌਂਸਲ ਨੇ ਇਹ ਬਾਥਰੂਮ ਢਾਹ ਦਿੱਤੇ।

ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਹੋਈ ਮੀਟਿੰਗ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ) ਪੰਜਾਬ ਰਾਜ ਪੈਨਸ਼ਨਰਜ ਮਹਾਂ ਸੰਘਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਪੈਨਸ਼ਨ ਭਵਨ ਵਿਖੇ ਹੋਈ। ਜਿਸ ਵਿੱਚ ਸਭ ਤੋਂ ਪਹਿਲਾਂ ਮਾਸਟਰ ਪਿਆਰਾ ਸਿੰਘ ਭੋਲਾ ਅਤੇ ਕਰਮਜੀਤ ਕੌਰ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਸੰਘ ਦੇ ਮੈਂਬਰਾਂ ਲਛਮਣ ਸਿੰਘ ਅਤੇ ਪਵਨ ਕੁਮਾਰ ਨੇ ਦੱਸਿਆ ਕਿ ਹਰਚੰਦ ਸਿੰਘ ਜਗਤਪੁਰ ਅਤੇ ਬਾਰਾ ਸਿੰਘ ਕੰਗ ਨੂੰ ਪੰਜਾਬ ਰਾਜ ਪੈਨਸ਼ਨ ਮਹਾਂ ਸੰਘ ਸਟੇਟ ਪੱਧਰ 'ਤੇ ਕਾਰਜਕਰਨੀ ਵਿੱਚ ਸਲਾਹਕਾਰ ਤੇ ਮੈਂਬਰ ਸ਼ਾਮਲ ਕਰਨ 'ਤੇ ਸਨਮਾਨਿਤ ਕੀਤਾ ਗਿਆ। ਉਪਰੰਤ ਜਿਨ੍ਹਾਂ ਪੈਨਸ਼ਨਰਾਂ ਦੇ ਜਨਮ ਦਿਨ ਇਸ ਮਹੀਨੇ ਵਿੱਚ ਆਉਂਦੇ ਹਨ ਅਤੇ ਜੋ ਨਵੇਂ ਸ਼ਾਮਿਲ ਹੋਏ ਹਨ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਦੋ ਮਤੇ ਪੇਸ਼ ਕੀਤੇ ਗਏ ਜਿਨਾਂ ਦੀ ਹਾਊਸ ਵੱਲੋਂ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਸਰਬ ਸੰਮਤੀ ਨਾਲ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਅਗਲੀ ਮੀਟਿੰਗ ਵਿੱਚ ਪੰਜਵੀਂ, ਅੱਠਵੀਂ , ਦਸਵੀਂ ਤੇ ਬਾਰਵੀਂ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਜੋ ਬਲਾਕ ਵਿੱਚ ਫਸਟ, ਸੈਕਿੰਡ, ਅਤੇ ਥਰਡ ਆਏ ਹਨ ਨੂੰ ਸਨਮਾਨਿਤ ਕੀਤਾ ਜਾਵੇਗਾ। ਪੈਨਸ਼ਨਰਜ ਦੀਆਂ ਮੰਗਾਂ ਸਬੰਧੀ ਬੁਲਾਰਿਆਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ ਨਹੀਂ ਤਾਂ ਉਹ ਪੰਜਾਬ ਸਰਕਾਰ ਪ੍ਰਤੀ ਸੰਘਰਸ਼ ਕਰਨ ਲਈ ਮਜਬੂਰ ਹੋਣਗੇ । ਇਸ ਮੌਕੇ ਗੁਰਦਿਆਲ ਸਿੰਘ , ਜਸਵੰਤ ਸਿੰਘ , ਕੁਲਵੰਤ ਸਿੰਘ, ਕ੍ਰਿਸ਼ਨ ਲਾਲ , ਗੁਰਦਿਆਲ ਸਿੰਘ , ਪ੍ਰੋ ਨਿਰਮਲ ਸਿੰਘ ਮਨੈਲੀ, ਸੁਰਿੰਦਰਜੀਤ ਵਰਮਾ , ਜੋਗਿੰਦਰ ਸਿੰਘ, ਸਾਮ ਲਾਲ, ਮੀਹਾ ਸਿੰਘ ਅਤੇ ਨਿਰਮਲ ਸਿੰਘ ਅਤੇ ਤਰਸੇਮ ਲਾਲ ਆਦਿ ਹਾਜਰ ਸਨ ।

ਬਲੱਡ ਬੈਂਕ ਨੇ ਰਾਮਗੜ੍ਹੀਆ ਨਰਸਿੰਗ ਕਾਲਜ ਦੇ ਸਹਿਯੋਗ ਨਾਲ ਮਨਾਇਆ ਵਿਸ਼ਵ ਥੈਲੇਸੀਮੀਆ ਦਿਵਸ

ਫਗਵਾੜਾ (ਡਾ. ਰਮਨ)- ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਵਿਸ਼ਵ ਥੈਲੇਸੀਮੀਆ ਦਿਵਸ ਰਾਮਗੜ੍ਹੀਆ ਨਰਸਿੰਗ ਕਾਲਜ ਦੇ ਸਹਿਯੋਗ ਨਾਲ ਮਨਾਇਆ ਗਿਆ। ਸਮਾਗਮ ਦੌਰਾਨ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਥੈਲੇਸੀਮੀਆ ਖੂਨ ਦੀ ਘਾਟ ਨਾਲ ਸਬੰਧਤ ਜੈਨਰੇਟਿਕ ਬਿਮਾਰੀ ਹੈ।